ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥




"SURA" MONTHLY

# ਵਿਸਾਖੀ ਅੰਕ

**ਵੈਸਾਖੁ ਭਲਾ ਸਾਖਾ ਵੇਸ ਕਰੇ॥**

ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥
ਘਰਿ ਆਉ ਪਿਆਰੇ ਦੁਤਰ ਤਾਰੇ, ਤੁਧੁ ਬਿਨੁ ਅਢੁ ਨ ਮੋਲੋ॥
ਕੀਮਤਿ ਕਉਣ ਕਰੇ ਤੁਧੁ ਭਾਵਾਂ, ਦੇਖਿ ਦਿਖਾਵੈ ਢੋਲੋ॥
ਦੂਰਿ ਨ ਜਾਨਾ, ਅੰਤਰਿ ਮਾਨਾ, ਹਰਿ ਕਾ ਮਹਲੁ ਪਛਾਨਾ॥
ਨਾਨਕ ਵੈਸਾਖੀਂ ਪ੍ਰਭੁ ਪਾਵੈ, ਸੁਰਤਿ ਸਬਦਿ ਮਨੁ ਮਾਨਾ॥

ਪ੍ਰਤੀ ਕਾਪੀ
੫੦ ਪੈਸੇ

ਅਪ੍ਰੈਲ
੧੯੬੬

ਪ੍ਰਕਾਸ਼ਕ :
ਖੰਡ ਕੀਰਤਨੀ ਜੱਥਾ, ਪਟਿਆਲਾ

www.AKJ.Org

www.AKJ.org

www.AKJ.Org

੧ ਓ ਵਾਹਿਗੁਰੂ ਜੀ ਕੀ ਫਤਹਿ ॥

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

## ਗੁਰਮਤਿ ਪ੍ਰਚਾਰਕ ਮਾਸਕ ਪੱਤਰ—

# ਸੂਰਾ

## (ਸ੍ਰੀ ਅੰਮ੍ਰਿਤਸਰ)


ਅੰਕ ਨੰ: ੩

ਜਿਲਦ ਨੰ: ੧

ੰਦਾ ਸਾਲਾਨਾ— ਦੇਸ ਪੰਜ ਰੁਪੈ
ਪ੍ਰਦੇਸ ਸਤ ਰੁਪੈ



ਐਡੀਟਰ
ਗ: ਜਸਵੰਤ ਸਿੰਘ ਬੀ. ਏ. ਬੀ. ਟੀ.



ਸਲਾਹਕਾਰ ਬੋਰਡ
ਭਾ: ਜੋਗਿੰਦਰ ਸਿੰਘ
ਭਾ: ਮਹਿੰਦਰ ਸਿੰਘ
ਭਾ: ਸੇਵਾ ਸਿੰਘ
ਭਾ: ਅਜੀਤ ਸਿੰਘ



ਅਪਰੈਲ ੧੯੬੬

ਚੇਤਰ ੪੯੭ ਨਾਨਕ ਸ਼ਾਹੀ

ਪ੍ਰਭਜੋਤ ਪ੍ਰਿੰਟਿੰਗ ਪ੍ਰੈਸ ਬਹਾਦਰ ਨਗਰ ਅੰਮ੍ਰਿਤਸਰ ਤੋਂ ਅਖੰਡ ਕੀਰਤਨੀ ਜੱਥਾ ਪਟਿਆਲਾ ਲਈ ਜਸਬੀਰ ਸਿੰਘ 'ਬੀਰ' ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤਾ ।



www.AKJ.Org

# ਲੇਖ–ਸੂਚੀ


| ਨੰ: | ਲੇਖ | ਪੰਨਾ | ਲਿਖਕ |
|---|---|---|---|
| ੧. | ਵੈਸਾਖ ਭਲਾ | ੩ | ਐਡੀਟਰ |
| ੨. | ਅੰਮ੍ਰਿਤ ਸਮਾਗਮ ਰਚਨ ਦਾ ਚੋਜ | ੫ | ਭਾਈ ਸਾਹਿਬ ਰਣਧੀਰ ਸਿੰ |
| ੩. | ਵੈਸਾਖੀ ਦੀ ਮਹੱਤਤਾ | ੯ | ਪ੍ਰਿੰ: ਹਰਿਭਜਨ ਸਿੰਘ |
| ੪. | ਸੁਖ-ਦੁਖ | ੧੩ | ਭਾਈ ਸਾਹਿਬ ਜੋਗਿੰਦਰ ਸਿੰਘ |
| ੫. | ਬਾਬਾ ਵੈਦ ਰੋਗੀਆਂ ਦਾ | ੨੦ | ਭਾਈ ਸਾਹਿਬ ਮਨਮੋਹਨ ਸਿ |
| ੬. | ਵੈਸਾਖੀ | ੨੫ | ਭਾਈ ਰਣਜੀਤ ਸਿੰਘ |
| ੭. | "ਸੋਦਰ" ਜਪੁਜੀ ਤੇ ਰਹਿਰਾਸ ਵਿਚ | ੩੧ | ਭਾਈ ਸਾਹਿਬ ਸੇਵਾ ਸਿੰਘ |
| ੮. | ਸਤਿਗੁਰ ਬਾਝਹੁ ਗੁਰ ਨਹੀ ਕੋਇ | ੩੪ | ਭਾਈ ਸਾਹਿਬ ਅਜੀਤ ਸਿੰਘ |
| ੯. | ਖ਼ਾਲਸਾ | ੩੭ | ਭਾਈ ਮਨਜੀਤ ਸਿੰਘ |
| ੧੦. | ਗੁਰਮੁਖ ਪਿਆਰੇ ਦੀ ਯਾਦ | ੩੮ | ਗਿਆਨੀ ਗੁਰਦਿਤ ਸਿੰਘ |
| ੧੧. | ਡਿਠੇ, ਸੁਣੇ ਤੇ ਹਡੀਂ ਵਾਪਰੇ ਵਿਰਤਾਂਤ (੧) | ੪੮ | ਭਾਈ ਸਾਹਿਬ ਸੁਰਜਨ ਸਿੰਘ |


## ਜ਼ਰੂਰੀ ਬੇਨਤੀ

ਖ਼ਾਲਸਾ ਜੀ ! ਇਹ ਪਰਚਾ ਕੇਵਲ ਗੁਰਮਤਿ ਦੇ ਪਰਚਾਰ ਨੂੰ ਮੁਖ ਰਖ ਕੇ ਚਲਾਇਆ ਗਿਆ ਹੈ । ਇਹ ਪਰਚਾ ਸਭ ਦਾ ਸਾਂਝਾ ਹੈ । ਇਸ ਪਰਚੇ ਵਿਚ ਕਿਸੇ ਨੂੰ ਕੋਈ ਜ਼ਾਤੀ ਲਾਭ ਨਹੀਂ । ਸੋ ਆਪ ਸਭ ਦਾ ਫਰਜ਼ ਹੈ ਕਿ ਇਸ ਪਰਚੇ ਦੇ ਵਧ ਤੋਂ ਵਧ ਗਾਹਕ ਬਣਾ ਕੇ ਗੁਰਮਤਿ ਦੇ ਪਰਚਾਰ ਵਿਚ ਸਹਾਈ ਹੋਵੋ ।

ਇਸ ਪਰਚੇ ਦੇ ਚੰਦੇ ਹੇਠ ਲਿਖੇ ਪਤੇ ਤੇ ਭੇਜੇ ਜਾਣ ।

ਮੈਨੇਜਰ "ਸੂਰਾ"
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

www.AKJ.Org

ਸੰਪਾਦਕੀ –

# ਵੈਸਾਖ ਭਲਾ

ਵੈਸਾਖ ਭਲਾ ਹਰ ਸਾਖਾ ਦੇ ਸੁਵੇਸ ਰਾਹੀਂ–ਸਾਖੀ ਭਰਦਾ ਪਿਆ ਹੈ – ਇਸ ਗਲ ਦੀ ਕਿ ਅਜ ਤੋਂ ਕੇਵਲ ੨੫੭ ਵਰ੍ਹੇ ਪਹਿਲਾਂ, ਇਸੇ ਪਵਿੱਤਰ ਪੁਰਬ ਤੇ, ਸਰਬੱਤ ਸ੍ਰਿਸ਼ਟੀ ਦੇ ਪਾਵਨ ਪਵਿਤਰ ਮਿਤਰ ਨੇ, ਅਕਾਲ ਪੁਰਖ ਦੀ ਆਗਿਆ ਨਾਲ, ਇਸ ਦਾ ਭਾਰ ਸਦਾ ਲਈ ਹਰਨ ਲਈ, ਸਰਬ ਕੁਸਲ ਕਲਿਆਨ ਕਰਨ ਲਈ, ਇਕ ਅਨੂਪਮ ਚੋਜ ਰਚ ਕੇ ਪੰਜ ਪਿਆਰਿਆਂ ਦੀ ਸਾਜਨਾ ਕੀਤੀ।

ਹਜ਼ਾਰਹਾ ਹਾਜ਼ਰ ਸੰਗਤਾਂ ਦੇ ਭਰੇ ਦੀਵਾਨ ਅੰਦਰ, ਨੰਗੀ ਚਮਕਦੀ ਤਲਵਾਰ ਨੂੰ ਉਭਾਰ ਮਰਦ ਅਗੰਮੜਾ, ਪਰਗਟ ਹੁੰਦਾ ਹੈ ਅਤੇ ਸਿਖਾਂ ਨੂੰ ਵੰਗਾਰਦਾ ਹੋਇਆ ਬਿਨਾਂ ਸ਼ਰਤ ਸੀਸ ਦੀ ਮੰਗ ਕਰਦਾ ਹੈ । ਇਕ ਵੇਰ ਤਾਂ ਉਸ ਸਮੇਂ ਹੈਰਾਨੀ ਤੇ ਹੌਲ ਭਰਿਆ ਸੱਨਾਟਾ ਛਾ ਗਿਆ ਹੋਵੇਗਾ ! ਉਸ ਵੇਲੇ ਉਸ ਮਰਦ ਅਗੰਮੜੇ ਗੁਰੂ ਦੀ ਕਿਹੜਾ ਝਾਲ ਝਲ ਸਕਦਾ ਸੀ ? ਪਰ ਇਕ ਦੂਜੇ ਵਲ ਬਿਟ ਬਿਟ ਤਕਦਿਆਂ ਚਿਹਰਿਆਂ ਵਿਚੋਂ, ਇਕ ਦਿਲਾਵਰ ਆਪਣਾ ਆਪ ਨਿਛਾਵਰ ਕਰਨ ਲਈ ਨਿਤਰਿਆ ।

(ਵਾਹ ! ਗੁਰਮੁਖ ਪਿਆਰਿਆ, ਤੂੰ ਸਾਡੇ ਮਾਤ ਲੋਕ ਅੰਦਰ ਅਕਾਲੀ ਪੰਥ ਦਾ ਮਹੱਲ ਉਸਾਰਨ ਲਈ, ਬੁਨਿਆਦੀ ਪੱਥਰ ਬਣਨ ਲਈ ਕਿਸੇ ਹਿਚਕਚਾਹਟ ਬਿਨਾਂ ਪੇਸ਼ ਹੋਇਓਂ। ਕੁਰਬਾਨ ਤੇਰੇ ਚਰਨਾਂ ਤੋਂ। ਅਜ ਸਾਰਾ ਸਿਖ ਜਗਤ ਤੇਰੇ ਇਸ ਸਿਖੀ ਦੇ ਪਾਏ ਪੂਰਨ ਪੂਰਨੇ ਸਾਹਵੇਂ ਸਤਿਕਾਰ ਸਹਿਤ ਸਿਰ ਝੁਕਾਉਂਦਾ ਹੈ । ਸਾਡੀ ਇਸ ਉਡੀਣੀ ਧਰਤੀ ਨੂੰ ਆਸਰਾ ਦੇਣ ਵਾਲੇ ਧਰਮ ਦਾ ਤੂੰ ਮੂਲ ਹੈਂ, ਬੀਜ ਹੈਂ । ਤੂੰ ਕੇਵਲ ਆਪਣਾ ਸਿਖੀ ਦਾ ਕਰਮ ਹੀ ਨਹੀਂ ਪਾਲਿਆ, ਤੂੰ ਜਗਤ ਜਲੰਦੇ ਤੇ ਦਯਾ ਕੀਤੀ ਹੈ । ਤੇਰੇ ਮਗਰ ਮਗਰ ਹੀ ਧਰਮ ਆਇਆ ਹੈ ।) ਧਰਮ ਨਿਭਾਉਣ ਲਈ ਹਿੰਮਤ ਹਥ ਬੰਨ੍ਹ ਆ ਉਸ ਦੇ ਦਰਬਾਰ ਹਾਜ਼ਰ ਹੋਈ। ਹਿੰਮਤ ਦੇ ਨਾਲ ਹੀ ਮੁਹਕਮ ਹੋਇਆ – ਇਹ ਮਹੱਲ ਵਿਚ ਫਿਰ ਪਰਵੇਸ਼ ਕੀਤਾ ਇਸ ਦੇ ਅੰਦਰ ਸਾਹਿਬ ਨੇ ਖੁਦ ।

ਜੀਵਨ ਜੁਗਤੀ ਤੇ ਮੁਕਤੀ ਦੇ ਦਾਤੇ ਸ੍ਰੀ ਦਸਮੇਸ਼ ਦੋਬਾਰਾ ਲਹੂ ਭਿਜੀ



www.AKJ.Org

ਸ੍ਰੀ ਸਾਹਿਬ ਨਾਲ ਸੰਗਤਾਂ ਵਿਚ ਹਾਜ਼ਰ ਹੋ ਫਿਰ ਸੀਸ ਦੀ ਮੰਗ ਕਰਦੇ ਹਨ। ਇਸੇ ਤਰ੍ਹਾਂ ਪੰਜ ਵੇਰ ਹੋਇਆ। ਪੰਜ ਸੀਸ ਉਤਾਰੇ ਗਏ ਪਰ ਪਰਦੇ ਅੰਦਰ। ਮੋਰੇ ਮਾਰ ਜੀਵਾਲਣਹਾਰ ਸਤਿਗੁਰੂ ਨੇ ਪੰਜਾਂ ਨੂੰ ਸੁਰਜੀਤ ਕਰ ਅੰਮ੍ਰਿਤ ਛਕਾਇਆ। ਉਹ ਪੰਜ ਪਰਵਾਣ, ਪਰਧਾਨ ਜਨ-ਸਾਹਿਬ ਕਲਗੀਧਰ ਦੇ ਮੁਖਾਰਬਿੰਦ ਤੋਂ ਪਿਆਰੇ ਸਦਵਾਏ।

ਸੋ ਇਸ ਤਰ੍ਹਾਂ ਇਨ੍ਹਾਂ ਪੰਜ ਪਿਆਰਿਆਂ ਨੇ ਮਹਿੰਗੇ ਮੋਲ ਸਿਖੀ ਲੈ ਕੇ ਸੰਸਾਰ ਦੇ ਉਧਾਰ ਦਾ ਰਾਹ ਖੋਲ੍ਹਿਆ। ਉਸ ਤੋਂ ਮਗਰੋਂ ਬੇਅੰਤ ਪ੍ਰਾਣੀਆਂ ਨੇ ਇਸ ਰਾਹ ਥਾਣੀਂ ਪੰਥ ਵਿਚ ਪਰਵੇਸ਼ ਕੀਤਾ ਅਤੇ ਆਪਣੇ ਸੀਸ ਗੁਰੂ ਜੀ ਦੇ ਦਰਸਾਏ ਆਦਰਸ਼ ਲਈ ਕੁਰਬਾਨ ਕੀਤੇ।

ਅਨੇਕਾਂ ਜੀਵਤਿਆਂ ਮਰ ਰਹਿਣ ਵਾਲੀ ਅਵਸਥਾ ਅੰਦਰ ਆਪਣੀ ਆਯੂ ਬਿਤਾਈ। ਆਪਾ ਭਾਵ, ਮਨ-ਮਤ, ਹਉਮੈ ਦਾ ਪੂਰਨ ਅਭਾਵ ਕਰਕੇ 'ਜੀਵਨ-ਮੁਕਤ' ਅਵਸਥਾ ਦੀ ਪ੍ਰਾਪਤੀ ਕੀਤੀ।

ਵੈਸਾਖੀ ਦਾ ਪਵਿਤਰ ਪੁਰਬ ਪ੍ਰੇਰਨਾ ਦੇਂਦਾ ਹੈ, ਇਸ ਗਲ ਲਈ ਕਿ ਅਸੀਂ ਨਾਮ ਧਰੀਕ ਸਾਰੇ ਸਿਖ ਆਪਨੜੇ ਗਿਰੀਵਾਨ ਮਹਿ ਸਿਰ ਨੀਵਾਂ ਕਰ ਕੇ ਦੇਖੀਏ ਕਿ ਕੀ ਅਸੀਂ ਗੁਰੂ ਸਾਹਿਬਾਨ ਤੇ ਸਿਖ ਸ਼ਹੀਦਾਂ ਦੀ ਪ੍ਰਗਟਾਈ ਦਰਸਾਈ ਜੀਵਨ-ਜਾਚ ਵਿਚ ਕਿਸ ਹੱਦ ਤਕ ਤੱਤਪਰ ਹਾਂ। ਐਵੇਂ ਨਿੰਦਿਆ, ਨੁਕਤਾ ਚੀਨੀਆਂ ਵਿਚ ਕੀ ਪਿਆ ਹੈ? ਵੱਧੇ ਮਨ ਦੇ ਨੱਕ ਨਕੇਲ ਦੇਈਏ। ਗੁਣਾਂ ਦੀ ਸਾਂਝ ਕਰਦੇ ਹੋਏ ਇਹ ਜੀਵਨ ਯਾਤਰਾ ਸਫਲ ਕਰਨ ਲਈ ਤਰਲਾ ਮਾਰੀਏ। ਲੋਕਾਂ ਵਾਂਗ ਅਵਗੁਣਾਂ ਦੀ ਗੰਠੜੀ ਨ ਬੰਨ੍ਹੀਏ। ਸੋ ਹਥ ਰਸਾ ਤੇ ਸਿਰੇ ਤੇ ਗੰਡ ਵਾਲੀ ਗੱਲ ਕਰੀਏ ਤਾਂ ਇਹੀ ਹੈ ਕਿ ਸਾਰਾ ਤਾਣ ਇਸ ਗਲ ਤੇ ਲਾਵੀਏ ਕਿ ਕਿ ਹਉਮੈ ਦਾ ਅਭਾਵ ਹੋਵੇ।

ਪੰਥ ਵਾਲੀ ਸਰਬਤ ਨੂੰ ਸੁਮੱਤ ਬਖਸ਼ੇ।

(ਐਡੀਟਰ)



www.AKJ.Org

# ਅੰਤ੍ਰਯਾਮੀ ਸਤਿਗੁਰੂ ਦਸਮੇਸ਼ ਜੀ ਦਾ ਵਿਸਾਖੀ ਤੇ
# ਅੰਮ੍ਰਿਤ ਸਮਾਗਮ ਰਚਨ ਦਾ ਚੋਜ

[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਇਸੇ ਚੋਜ ਰਚਨ ਖਾਤਰ ਹੀ ਸਤਿਗੁਰੂ ਦਸਮੇਸ਼ ਜੀ ਨੇ ਨੈਨਾਂ ਦੇਵੀ ਦਾ ਦੰਭ ਨਿਵਾਰਨੀ ਹਿੰਦ-ਵੈਣੀ ਅਚਾਰਜਾਂ ਦਾ ਪਖੰਡ ਨਵਿਰਤ ਕਰਨ ਖਾਤਰ ਹੀ ਇਹ ਸਾਰਾ ਅਡੰਬਰ ਨੈਣਾਂ ਦੇਵੀ ਦੇ ਪ੍ਰਸਿਧ ਟਿੱਲੇ ਉਤੇ ਰਚਨ ਕੀਤਾ, ਦੇਵੀ ਪ੍ਰਸਿਧ ਕਰਨ ਖ਼ਾਤਰ ਨਹੀਂ ਕੀਤਾ। ਪ੍ਰਿਥਮ ਤਾਂ ਹਿੰਦੂ ਪਖੰਡੀ ਮੱਤ ਦੇ ਅਚਾਰਜਾਂ ਦਾ ਇਹ ਹਮਾਕਤ ਭਰਿਆ ਪਖੰਡ ਦੂਰ ਕੀਤਾ ਅਤੇ ਦੂਜਾ ਉਨ੍ਹਾਂ ਪਖੰਡੀਆਂ ਦਾ ਜੋ ਇਹ ਦਾਵਾ ਸੀ ਕਿ ਅਸੀਂ ਆਪਣੀ ਜਾਨ ਦੀ ਅਹੂਤੀ ਦੇ ਕੇ ਦੇਵੀ ਪ੍ਰਸਿਧ ਕਰਾਂਗੇ, ਬਹੁਤ ਸਾਰੀ ਸਾਮਿਗਰੀ ਉਨ੍ਹਾਂ ਨੇ ਇਕੱਤ੍ਰ ਕਰਵਾਈ । ਓੜਕ ਜਦ ਉਨ੍ਹਾਂ ਤੋਂ ਕੁਛ ਨਾ ਸਰਿਆ ਤਾਂ ਪਿਠ ਦੇ ਕੇ ਭੱਜ ਨਸੇ। ਉਨ੍ਹਾਂ ਦੇ ਭਜ ਨੱਸਣ ਪਸ਼ਚਾਤ ਰਹਿੰਦ ਖੂੰਹਦ ਸਾਰੀ ਸਮਿਗ੍ਰੀ ਜੋ ਭੱਜ ਨਿਕਲਣ ਵਾਲੇ ਪਖੰਡੀ ਬ੍ਰਾਹਮਣਾਂ ਨੇ ਇਕੱਤਰ ਕਰਵਾਈ ਸੀ ਸਾਰੀ ਦੀ ਸਾਰੀ ਇੱਕ ਦਮ ਹੀ ਪ੍ਰਚੰਡਕਾ ਦੇ ਭੇਟ ਕਰ ਦਿੱਤੀ, ਜਿਸ ਕਰਕੇ ਬੜਾ ਹੀ ਚਾਨਣਾ ਪ੍ਰਚੰਡ ਹੋ ਗਿਆ, ਜਿਸ ਨੂੰ ਆਮ ਕੁਬੁਧੀ ਵਾਲੇ ਲੋਕ ਦੇਵੀ ਪ੍ਰਗਟ ਹੋਈ ਸਮਝਣ ਲੱਗ ਪਏ । ਸਚੇ ਪਾਤਸ਼ਾਹ ਸ੍ਰੀ ਦਸਮੇਸ਼ ਜੀ ਨੇ ਉਸ ਟਿੱਬੇ ਉਤੋਂ ਉਤਰ ਕੇ ਅਤੇ ਵੰਗਾਰ ਕੇ ਆਮ ਲੋਕਾਂ ਨੂੰ ਦਸਿਆ ਕਿ ਖਾਲਸਾ ਜੀ ਦੀ (ਗੁਰੂ ਘਰ ਦੀ) ਇਹੋ ਦੇਵੀ ਸ੍ਰੀ ਸਾਹਿਬ ਅਥਵਾ ਭਗੌਤੀ ਹੈ ਹੋਰ ਕੋਈ ਦੇਵੀ ਨਹੀਂ, ਓਹਦੇ ਪਿੱਛੋਂ ਸ੍ਰੀ ਦਸਮੇਸ਼ ਜੀ ਨੇ ਦੂਜਾ ਚੋਜ ਇਹ ਰਚਿਆ ਕਿ ਤੰਬੂ ਤਾਣ ਕੇ ਉਸ ਦੇ ਅੰਦਰੋ ਅੰਦਰ ਪੰਜਾਂ ਪਿਆਰਿਆਂ ਦਾ ਸੀਸ ਲੈ ਕੇ ਅਤੇ ਉਸ ਤੰਬੂ ਦੇ ਅੰਦਰ ਪੰਜਾਂ ਸਿੰਘਾਂ ਤੋਂ ਖ਼ੁਦ ਅੰਮ੍ਰਿਤ ਛਕ ਕੇ ਸਾਵਧਾਨ ਹੋ ਨਿਕਲੇ । ਇਹ ਇਤਿਹਾਸਕਾਰਾਂ ਦੀ ਬਿਲਕੁਲ ਗਲਤ ਸਟੋਰੀ (ਕਹਾਣੀ) ਪਾਈ ਹੋਈ ਹੈ ਕਿ ਤੰਬੂ ਦੇ ਅੰਦਰ ਪੰਜ ਬੱਕਰੇ ਬੱਧੇ ਗਏ ।

"ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕੋ ਆਵਤ ਲਾਜਾ ॥"



www.AKJ.Org

ਦੇ ਮਹਾਂਵਾਕ ਅਨੁਸਾਰ ਗੁਰਮਤਿ ਅਨੁਸਾਰ ਇਹ ਮਹਾਂ ਕੁਕਾਜ ਗਰਦਾਨਿਆ ਜਾ ਸਕਦਾ ਹੈ ਕਿ ਸਤਿਗੁਰੂ ਸ੍ਰੀ ਦਸਮੇਸ਼ ਜੀ ਕਰਨ ਕੁਛ ਤੇ ਦਿਖਾਉਣ ਕੁਛ। ਆਮ ਲੋਕੀ ਇਸ ਕੌਤਕ ਨੂੰ ਦੇਖ ਕੇ ਦੰਗ ਰਹਿ ਗਏ। ਵਰਨ ਆਸ਼ਰਮ ਸਾਰੇ ਮਿਟਾ ਕੇ ਸਤਿਗੁਰੂ ਜੀ ਨੇ ਸਾਰੇ ਵਰਨਾਂ ਦੇ ਸਾਂਝੇ ਪੰਜ ਪਿਆਰੇ ਸੀਸ ਭੇਟਾ ਲੈ ਕੇ ਰਚੇ ਤੇ ਉਨ੍ਹਾਂ ਪੰਜਾਂ ਪਿਆਰਿਆਂ ਪਾਸੋਂ ਉਸੇ ਤੰਬੂ ਅੰਦਰ ਹੀ ਅੰਮ੍ਰਿਤ ਪਾਨ ਕੀਤਾ, ਅਤੇ "ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ" ਦੀ ਰੀਤ ਚਲਾਈ। ਇਹ ਇਤਫ਼ਾਕ ਦੀ ਗੱਲ ਸੀ ਕਿ ਉਸ ਸਮੇਂ ਪੰਜ ਪਿਆਰੇ ਜੋ ਨਿਤਰੇ, ਉਹ ਗਿਣਵੇਂ ਪੰਜ ਵਰਨਾਂ ਵਿਚੋਂ ਹੀ ਸਨ। ਇਸ ਦਾ ਇਹ ਭਾਵ ਨਹੀਂ ਕਿ ਇਸਤ੍ਰੀ ਜਾਤੀ ਆਦਿਕ ਹੋਰ ਸਾਰੇ ਵਰਨ ਵਾਂਝੇ ਰਖੇ ਗਏ, ਜੈਸਾ ਕਿ ਝੀਵਰ, ਨਾਈ ਆਦਿਕ ਵਰਨਾਂ ਵਿਚੋਂ ਲਏ ਗਏ, ਪੰਜਾਂ ਪਿਆਰਿਆਂ ਦੀ ਮਿਸਾਲ ਲੈ ਕੇ ਅੱਜ ਕੱਲ੍ਹ ਦੇ ਥੋੜ-ਦਿਲੇ ਵਰਨ-ਆਸ਼ਰਮੀ ਹਮਾਕਤ ਬਾਜ਼ ਇਹ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਗਿਣਵੇਂ ਵਰਨ ਆਸ਼ਰਮ ਹੀ ਪੰਜ ਪ੍ਰਕਾਰੀ ਬੰਦਿਆਂ ਤੋਂ ਬਾਹਰ ਹੋਰ ਕੋਈ ਵਰਨ ਆਸ਼ਰਮੀ ਬੰਦਾ ਪੰਜਾਂ ਪਿਆਰਿਆਂ ਵਿਚ ਲਿਆ ਹੀ ਨਹੀਂ ਜਾ ਸਕਦਾ। ਇਸਤ੍ਰੀ ਜਾਤੀ ਨੂੰ ਆਮ ਹਿੰਦਵੈਣੀ ਅਕੀਦੇ ਅਨੁਸਾਰ ਸ਼ੂਦਰ ਜਾਤੀ ਵਿਚ ਸ਼ੁਮਾਰ ਕੀਤਾ ਜਾਂਦਾ ਸੀ, ਜੋ ਅੱਜ ਕੱਲ੍ਹ ਓਸੇ ਘਟੀਅਲ ਅਕੀਦੇ ਵਾਲੇ ਨਾਈ ਝੀਵਰ ਆਦਿਕ ਪੰਜਾਂ ਪਿਆਰਿਆਂ ਦੀ ਮਿਸਾਲ ਵਾਲੇ ਕੁਸਮਝ ਲੋਗ ਕੁਸਮਝੀ ਬੈਠੇ ਹਨ। ਅਨੇਕਾਂ ਹੀ ਇਸਤ੍ਰੀ ਪੁਰਸ਼ ਆਨ ਵਰਨ ਆਸ਼ਰਮ ਵਿਚੋਂ ਸ੍ਰੀ ਦਸਮੇਸ਼ ਜੀ ਨੇ ਸਿੰਘ ਸਜਾਏ। ਏਥੋਂ ਤਕ ਕਿ ਮੁਹੰਮਦੀਆਂ ਚੋਥੇ ਪੌੜੇ ਵਾਲੇ [ਅਖਾਉਤੀ ਰੰਘਰੇਟੇ] ਨੂੰ ਵੀ ਖੰਡੇ ਦੇ ਅੰਮ੍ਰਿਤ ਦਾ ਬਾਟਾ ਪ੍ਰਦਾਨ ਕਰ ਕੇ ਉਚ ਦੁਮਾਲੜੇ ਵਾਲਾ ਸਿੰਘ ਸਜਾਇਆ। ਸ੍ਰੀ ਦਸਮੇਸ਼ ਜੀ ਦਾ ਇਹ ਚੋਜ ਨਿਰਾਲਾ ਹੈ ਕੇਵਲ ਵਿਸਾਖੀ ਵਾਲੇ ਦਿਨ ਹੀ ਇਹ ਚੋਜ ਰਚਿਆ ਗਿਆ ਅਤੇ ਅੰਮ੍ਰਿਤ ਦਾ ਖੁੱਲ੍ਹਾ ਬਾਟਾ ਓਸੇ ਤੰਬੂ ਅੰਦਰ ਹੀ ਤਿਆਰ ਕੀਤਾ ਗਿਆ। ਇਹ ਕੈਸੀ ਹਾਸੋ ਹੀਣੀ ਗੱਲ ਹੈ ਕਿ ਐਡਾ ਵਡਾ ਤੰਬੂ ਪੰਜਾਂ ਬੱਕਰਿਆਂ ਦੀ ਖਾਤਰ ਹੀ ਤਿਆਰ ਕੀਤਾ ਸੀ? ਉਸੇ ਤੰਬੂ ਦੇ ਅਸਥਾਨ ਤੇ ਹੀ ਸੀਸ ਭੇਟ ਗੁਰਦਵਾਰਾ ਤਿਆਰ ਹੋਇਆ ਅਤੇ ਉਸੇ ਅਸਥਾਨ ਤੇ ਹੀ ਸ੍ਰੀ ਕੇਸਗੜ੍ਹ ਗੁਰਦਵਾਰਾ ਸੁਸ਼ੋਭਤ ਹੈ ਅਤੇ ਅੱਜ ਤਾਈਂ ਪ੍ਰਸਿਧ ਹੈ। ਖਾਲਸਾ ਜੀ ਨੂੰ ਮ੍ਰਿਤੂ ਦੇ ਘਾਟ ਤੋਂ ਪਾਰ ਉਤਾਰਨ ਵਾਲੀ ਸ੍ਰੀ ਸਾਹਿਬ (ਭਗਉਤੀ) ਹੀ ਅੰਮ੍ਰਿਤ ਸਰੂਪਾ ਜੀਅ ਦਾਨ ਬਖਸ਼ਣ ਲਈ ਸਮਰਥ ਹੈ। ਹੋਰ ਕੋਈ ਦੇਵੀ ਖਾਲਸਾ ਪੰਥ ਅੰਦਰ ਗੁਰਮਤਿ ਪ੍ਰਮਾਣੀਕ ਹੀ ਨਹੀਂ। ਏਸੋ ਸ੍ਰੀ ਸਾਹਿਬ [ਭਗਉਤੀ] ਨੂੰ ਲੈ ਕੇ ਹੀ ਸ੍ਰੀ ਦਸਮੇਸ਼ ਜੀ ਨੇ ਇਉਂ ਵੰਗਾਰਿਆ:—



www.AKJ.Org

"ਦੁਹੂੰ ਪੰਥ ਮੈ ਕਪਟ ਵਿਦਿਆ ਚਲਾਨੀ ॥
ਬਹੁਰ ਤੀਸਰੋ ਪੰਥ ਕੀਓ ਪ੍ਰਧਾਨੀ ॥"

ਦੋਊ ਪੰਥ ਦਾ ਭਾਵ ਇਥੇ ਹਿੰਦੂ ਮਤ ਅਤੇ ਤੁਰਕ ਮਤ (ਬੇਦਕਤੇਬੀ ਮਤ) ਦਾ ਹੈ, ਤੀਸਰੇ ਪੰਥ ਖਾਲਸੇ ਦਾ ਮਤਲਬ ਹੈ। ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ:–

"ਹਿੰਦੂ ਅੰਨਾ ਤੁਰਕੂ ਕਾਣਾ ॥
ਦੁਹਾਂ ਤੇ ਗਿਆਨੀ ਸਿਆਣਾ ॥"

ਇਥੇ ਗਿਆਨੀਆਂ ਦਾ ਭਾਵ ਖਾਲਸਾ ਹੈ । ਸ੍ਰੀ ਦਸਮੇਸ਼ ਜੀ ਨੇ ਇਹ ਖਾਲਸਾ ਪੰਥ ਕੇਵਲ ਹਿੰਦੂਆਂ ਨੂੰ ਹੀ ਤਾਰਨ ਲਈ ਨਹੀਂ ਰਚਿਆ, ਬਲਕਿ ਤੁਰਕਾਂ ਮੁਹੰਮਦੀਆਂ ਦਾ ਇੱਕ ਸਾਰ ਹੀ ਹੱਕ ਰਖਿਆ ਗਿਆ ਹੈ। ਤਾਂ ਤੇ ਇਹ ਗਲ ਕਹਿਣੀ ਸ੍ਰੀ ਦਸਮੇਸ਼ ਜੀ ਦੇ ਪੰਥ ਨੂੰ ਛੁਟਿਆਉਣ ਵਾਲੀ ਗੱਲ ਹੈ ਕਿ ਖਾਲਸਾ ਪੰਥ ਕੇਵਲ ਹਿੰਦੂਆਂ ਨੂੰ ਤਾਰਨ ਖ਼ਾਤਰ ਹੀ ਰਚਿਆ ਗਿਆ ਹੈ। ਹਿੰਦੂਆਂ ਤੁਰਕਾਂ ਅਤੇ ਮਲੇਛਾਂ ਲਈ ਇਹ ਸਾਂਝਾ ਉਪਦੇਸ਼ ਹੀ ਗੁਰੂ ਦਸਮੇਸ਼ ਜੀ ਨੇ ਪਹਿਲੇ ਸਮੱਗਰ ਗੁਰੂ ਸਾਹਿਬਾਨ ਦੀ ਤਾਈਦੀ ਪੇਸ਼ਕਸ਼ ਅਨੁਸਾਰ ਹੀ ਰਚਿਆ ਅਤੇ ਖੂਬ ਨਿਆਰਾ ਰਖਣ ਦੀ ਸਾਜਨਾ ਵਿਚ ਸਾਜਿਆ । ਪਹਿਲੀਆ ਸਮੱਗਰ ਗੁਰੂ ਪਾਤਿਸ਼ਾਹੀਆ ਨੂੰ ਵੀ ਇਹੋ ਹੀ ਮਨਜ਼ੂਰ ਸੀ। ਸ੍ਰੀ ਦਸਮੇਸ਼ ਜੀ ਨੇ ਕੋਈ ਨਵੀਨ ਘਾੜਤ ਨਹੀਂ ਘੜੀ । ਹਾਂ ਇਸ ਵਿਸਾਖੇ ਦਾ ਪਵਿਤਰ ਦਿਹਾੜਾ ਸਰਬੱਤਰ ਮੱਤ ਮਤਾਂਤਰੀ ਭੇਖਾਂ ਅੰਦਰ ਅੰਮ੍ਰਿਤ ਦਾ ਸਾਂਝਾ ਖੰਡਾ ਖੜਕਾਉਣ ਵਾਸਤੇ ਖ਼ਾਸ ਮਖਸੂਸ ਤੌਰ ਤੇ ਇਸ ਵਿਸਾਖੇ ਦੇ ਗੁਰਪੁਰਬ ਨੂੰ ਹੀ ਨਿਆਰਾ ਕਰਕੇ ਪ੍ਰਗਟ ਪਹਾਰਾ ਦਿਤਾ ਤਾਂ ਸ੍ਰੀ ਦਸ਼ਮੇਸ਼ ਜੀ ਨੇ ਹੀ ਦਿਤਾ । ਤਾਂ ਤੇ ਇਸ ਵਿਸਾਖੇ ਦੇ ਦਿਹਾੜੇ ਦੀ ਬਜ਼ੁਰਗੀ ਅਤੇ ਮਹੱਤਤਾ ਇਸੇ ਗਲ ਕਰਕੇ ਹੈ ਕਿ ਇਸ ਦਿਨ ਖੰਡੇ ਦੇ ਅੰਮ੍ਰਿਤ ਦਾ ਖੁਲ੍ਹਾ ਬਾਟਾ ਤਿਆਰ ਕੀਤਾ ਜਾਵੇ । ਤਾਂ ਤੇ ਇਹ ਅੰਮ੍ਰਿਤ ਦਾ ਬਾਟਾ ਪ੍ਰੰਪਰਾ ਤੋਂ ਹੀ ਅਰਥਾਤ ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਹੀ ਬਾਟਾ ਗੁਰਮਤਿ ਲੁਪਤ ਮੰਡਲਾਂ ਵਿਚ ਹੀ ਤਿਆਰ ਕੀਤਾ ਜਾਂਦਾ ਹੈ । ਅਨਮਤਿ ਦ੍ਰਿਸ਼ਟੀ ਦੀ ਲੇਪ ਛੇਪ ਤੋਂ ਨਿਆਰਾ ਅਤੇ ਅਛੇਪ ਰਖਣ ਲਈ ਹੀ ਅੰਮ੍ਰਿਤ ਮਰਯਾਦਾ ਗੋਝ ਰਤਨਾਗਰੀ ਰੱਖੀ ਗਈ ਹੈ। "ਬਧੇ ਪੰਥ ਪਰ ਧਰਮ ਹੋਇ ॥ ਵਾਲੀ ਗੱਲ ਹੀ ਨਹੀਂ ਕੀਤੀ ਗਈ, ਨਾ ਹੀ ਇਹ ਹਰੀ ਅੰਗੂਰੀ ਕੇਵਲ ਹਿੰਦਵੈਣ ਨਮਿਤ ਹੀ ਸ੍ਰੀ ਦਸਮੇਸ਼ ਜੀ ਨੇ ਤਿਆਰ ਕੀਤੀ ਹੈ, ਇਹ ਖਿਆਲ ਕੇਵਲ ਵਿੱਲੜ ਹਿੰਦਵੈਣ ਮਤੀ ਕੁਬੁਧਿ ਮਤੀਸਰਾਂ ਦਾ ਹੀ ਹੈ । ਖਾਲਸਾ ਪੰਥ ਵਿਚ



www.AKJ.Org

ਇਤਰ ਜ਼ਾਤ ਪਾਤ ਸਮੱਗਰ ਪੁਰਸ਼ ਹੀ ਸ਼ਾਮਲ ਹੋ ਸਕਦੇ ਹਨ। ਸ੍ਰੀ ਦਸਮੇਸ਼ ਜੀ ਦੀ ਹਰ ਪ੍ਰਕਾਰ ਦੀ ਪ੍ਰਚਲਿਤ ਕੀਤੀ ਗੁਰ ਮਰਯਾਦਾ ਹੀ ਲੇਖੇ ਪੈਂਦੀ ਹੈ। ਇਹ ਗੱਲ ਬਿਲਕੁਲ ਬੇਬੁਨਿਆਦ ਹੈ ਕਿ ਸ੍ਰੀ ਦਸਮੇਸ਼ ਜੀ ਦੇ ਸਮੇਂ ਦਾ ਅੰਮ੍ਰਿਤ ਤਿਆਰ ਕਰਵਾਉਣ ਵਾਲਾ ਖੰਡਾ ਹੀ ਸਾਰਿਆਂ ਸਿੱਧਾਂ ਨੂੰ ਪੂਰਿਆ ਸਿੱਧ ਕਰ ਸਕਦਾ ਹੈ। ਇਹ ਸ੍ਰੀ ਦਸਮੇਸ਼ ਜੀ ਦੇ ਪਵਿਤਰ ਹੱਥਾਂ ਦਾ ਖੰਡਾ ਅਪਵਿਤਰ ਹੱਥਾਂ ਵਿਚ ਆ ਕੇ ਹੋਰ ਭੀ ਹੀਣਤਾ ਵਾਲੀ ਗੱਲ ਹੋ ਜਾਂਦੀ ਹੈ ਜੈਸਾ ਕਿ ਅਨੇਕਾਂ ਅਸਥਾਨਾਂ ਤੇ ਹੋਈ ਹੈ। ਬੇਸ਼ਕ ਭਾਵੇਂ ਲੱਖਾਂ ਨਰਾਂ ਪ੍ਰਾਣੀਆਂ ਨੂੰ ਕੇਵਲ ਇਸ ਖੰਡੇ ਦੁਆਰਾ ਅੰਮ੍ਰਿਤ ਛਕਾਇਆ ਜਾਵੇ, ਪਰੰਤੂ ਜਦ ਤਕ ਸ੍ਰੀ ਦਸਮੇਸ਼ ਜੀ ਦੀ ਦਰਸਾਈ ਤੇ ਦ੍ਰਿੜ੍ਹਾਈ ਰਹਿਤ ਬਹਿਤ ਧਾਰਨ ਨਾ ਕਰਵਾਈ ਜਾਵੇ, ਉਸ ਵਕਤ ਤੱਕ ਲੱਖਾਂ ਦੀਆਂ ਲੱਖਾ ਭੇਡਾਂ ਹੀ ਰਹਿ ਜਾਂਦੀਆਂ ਹਨ, ਜੈਸੇ ਕਿ ਲੰਗੋਟੀਆਂ ਵਾਲੇ ਮਾਹਣੂੰ ਹੀ ਰਹਿ ਗਏ ਹੋਏ ਹਨ। ਤਾਂ ਤੇ ਸ੍ਰੀ ਦਸਮੇਸ਼ ਜੀ ਦਾ ਕੇਵਲ ਵਿਸਾਖੇ ਦੇ ਸਮਾਗਮ ਸਮੇਂ ਖੰਡੇ ਧਾਰ ਅੰਮ੍ਰਿਤ ਦਾ ਬਾਟਾ ਤਿਆਰ ਕਰਨਾ ਇਸ ਗੱਲ ਦੀ ਪ੍ਰਸਿਧ ਦਲੀਲ ਸਾਬਤ ਹੋ ਗਈ ਕਿ ਖਾਲਸਾ ਸੋ ਹੈ ਜੋ ਸਰਬਤਰ ਗੁਰਮਤਿ ਗੁਣਾਂ ਸਹਿਤ ਪ੍ਰਬੀਨ ਹੋਵੇ।

ਪਿਛਲੇ ਪਰਚੇ ਦੀ ਭੁਲ ਲਈ

## ਖਿਮਾ ਦੀ ਯਾਚਨਾ

ਫਰਵਰੀ ਅੰਕ ਵਿਚ ਭਾਈ ਰਣਜੀਤ ਸਿੰਘ ਜੀ ਦੇ ਲੇਖ "ਪੰਥ ਦੇ ਵਾਲੀ (੧)" ਵਿਚ ਸਫ਼ਾ ੨੨ ਤੇ ਸਿਖ ਪੰਥ ਦੇ ਆਸ਼ੇ ਜਾਂ ਸਿਧਾਂਤ ਪ੍ਰਗਟ ਕਰਦਿਆਂ ਅੰਕ ਨੰਬਰ [੫] ਵਿਚ ਲੇਖਕ ਨੇ ਲਿਖਿਆ ਸੀ ਕਿ ਸਿਖ-ਧਰਮ ਦੇ ਅਵਿਲੰਬੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਪਵਿਤ੍ਰ ਧਾਰਮਿਕ ਗ੍ਰੰਥ ਮੰਨਦੇ ਹਨ। ਹਾਲਾਂ ਕਿ ਪੰਥ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਹੀ ਪਾਤਿਸ਼ਾਹੀਆਂ ਦਾ ਜ਼ਾਹਰਾ ਜ਼ਹੂਰ, ਪ੍ਰਤੱਖ ਆਤਮ-ਸ੍ਰੂਪ ਮੰਨਿਆ ਜਾਂਦਾ ਹੈ। ਇਹ ਸਿਧਾਂਤ ਸਿਖ ਧਰਮ ਦਾ ਕੇਂਦਰੀ ਸਿਧਾਂਤ ਹੈ।

ਸਾਨੂੰ ਅਫ਼ਸੋਸ ਹੈ ਕਿ ਇਹ ਨੁਕਤਾ ਸਾਡੀ ਦ੍ਰਿਸ਼ਟੀ ਤੋਂ ਉਹਲੇ ਰਹਿ ਗਿਆ। ਅਸੀਂ ਇਸ ਭੁਲ ਲਈ ਸ੍ਰਬਤ ਸੰਗਤਾਂ ਪਾਸੋਂ ਖਿਮਾ ਚਾਹੁੰਦੇ ਹਾਂ।

[ਐਡੀਟਰ]



www.AKJ.Org

## ਸਿਖ ਇਤਿਹਾਸ ਵਿਚ

# ਵੈਸਾਖੀ ਦੀ ਮਹੱਤਤਾ

(ਪ੍ਰਿੰ: ਹਰਿਭਜਨ ਸਿੰਘ ਜੀ ਸ਼ਹੀਦ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ)

ਸਿਖ ਇਤਿਹਾਸ ਵਿਚ ਵੈਸਾਖੀ ਅਥਵਾ ਵੈਸਾਖ ਦਾ ਮਹੀਨਾ ਵਿਸ਼ੇਸ਼ ਅਸਥਾਨ ਰਖਦੇ ਹਨ। ਸਿਖ ਕੌਮ ਦੀਆਂ ਮਹਾਨ ਇਤਿਹਾਸਕ ਘਟਨਾਵਾਂ, ਜਿਨ੍ਹਾਂ ਨਾਲ ਕੌਮ ਦੀ ਤਕਦੀਰ ਬਣੀ, ਇਸੇ ਮਹੀਨੇ ਵਿਚ ਹੀ ਵਾਪਰਦੀਆਂ ਰਹੀਆਂ।

ਸਿਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੈਸਾਖ ਸੁਦੀ ਤਿੰਨ ਨੂੰ ਅਵਤਾਰ ਧਾਰਿਆ। ਇਸੇ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸ਼ੁਭ ਆਗਮਨ ਵੈਸਾਖ ਸੁਦੀ ੧ ਸੰਮਤ ੧੫੬੧ ਨੂੰ, ਸ੍ਰੀ ਗੁਰੂ ਅਮਰਦਾਸ ਜੀ ਦਾ ਵੈਸਾਖ ਸੁਦੀ ੧੪, ੧੫੨੬ ਨੂੰ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵੈਸਾਖ ਵਦੀ ੭, ਸੰਮਤ ੧੬੨੦ ਨੂੰ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਵੈਸਾਖ ਵਦੀ ੫ ਸੰਮਤ ੧੬੭੮ ਨੂੰ ਹੋਇਆ।

ਸੰਮਤ ੧੭੫੬ ਦੀ ਵੈਸਾਖੀ ਵਾਲੇ ਪਾਵਨ ਦਿਨ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪਣੇ ਨਾਦੀ ਪੁਤਰ ਖਾਲਸਾ ਅਥਵਾ ਖੰਡਾ-ਕੁਲ ਛੱਤਰੀਆਂ ਦੀ ਸਾਜਨਾ ਕੀਤੀ। ਸੰਸਾਰ ਨੂੰ 'ਪੂਰਨ ਮਨੁਖ-ਖਾਲਸਾ' ਦੀ ਅਦੁਤੀ ਦਾਤ ਬਖਸ਼ੀ।

ਪੰਜਾਹ ਹਜ਼ਾਰ ਤੋਂ ਵਧ ਦੀ ਗਿਣਤੀ ਵਿਚ ਇਕੱਤਰ ਹੋਏ ਸਿਖਾਂ ਦੇ ਇਕੱਠ ਵਿਚ ਕਲਗੀਆਂ ਵਾਲੇ ਪਾਤਸ਼ਾਹ ਨੇ ਅਜੀਬ ਕੌਤਕ ਵਰਤਾਇਆ। ਗਿਆਰਾਂ ਮਹੀਨੇ, ਗਿਆਰਾਂ ਦਿਨ ਤੇ ਗਿਆਰਾਂ ਘੜੀਆਂ ਦੀ 'ਦਿਲਗੀਰ ਅਵਸਥਾ' ਵਿਚ ਸੋਚੀ ਸਮਝੀ ਵਿਉਂਤ ਅਨੁਸਾਰ ਇਕ 'ਦਿਲ ਜ਼ੋਰ ਅਵਸਥਾ' ਵਿਚ ਪਰਗਟ ਹੋਏ। ਹਥ ਵਿਚ ਨੰਗੀ ਤਲਵਾਰ ਤੇ ਧਰਮ ਲਈ ਸੀਸ ਦੀ ਭੇਟ ਦੀ ਮੰਗ ਇਕ ਅਦਭੁਤ ਕੌਤਕ ਸੀ। ਅਜੀਬ ਸੰਥਾ ਤੇ ਵਰਤਾਵਾ ਸੀ। 'ਪ੍ਰੇਮ ਖੇਲਣ ਦਾ ਚਾਅ' ਰਖਣ ਵਾਲੇ 'ਯਾਰ ਦੀ ਗਲੀ' ਦੇ



www.AKJ.Org

ਪਾਂਧੀਆਂ ਦਾ । 'ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ' ਦਾ ਨਾਹਰਾ ਮਾਰਨ ਵਾਲਿਆਂ 'ਨਾਨਕ ਪੰਥੀਆਂ' ਦੀ ਫੇਰ ਕਰੜੀ ਅਜਮਾਇਸ਼ ਹੋਣ ਲਗੀ । ਆਖਰੀ ਪ੍ਰੀਖਿਆ ਸੀ ਇਹ ਸੰਥਾ ਵਾਚਨ ਵਾਲਿਆਂ ਪ੍ਰੇਮ-ਪਤੰਗਿਆਂ ਦੀ ਕਿ 'ਰਾਹ ਰਵਾਂ ਈਂ ਰਾਹਿ ਰਾ ਅੱਵਲ ਕਦਮ ਬਰਦਾਰ ਅਸਤ' (ਇਸ ਇਸ਼ਕ ਦੇ ਰਸਤੇ ਉਤੇ ਤੁਰਨ ਵਾਲਿਆਂ ਦਾ ਪਹਿਲਾ ਕਦਮ ਸੂਲੀ ਉਤੇ ਹੁੰਦਾ ਹੈ—ਭਾਈ ਨੰਦ ਲਾਲ (ਸਿੰਘ) ਜੀ) ।

ਗੁਰਦੇਵ ਦੇ ਇਸ ਤਰ੍ਹਾਂ ਅਚਾਨਕ ਸੀਸ ਭੇਟ ਦੀ ਮੰਗ ਉਤੇ ਸੱਨਾਟਾ ਛਾ ਗਿਆ । ਹਜ਼ੂਰ ਨੇ ਜਦ ਤੀਜੀ ਵੇਰ ਆਪਣੀ ਅਲੌਕਿਕ ਮੰਗ ਦੁਹਰਾਈ ਤਾਂ ਭਾਈ ਦਯਾ ਸਿੰਘ ਜੀ ਉੱਠੇ ਅਤੇ ਗਲ ਵਿਚ ਪੱਲਾ ਪਾ ਕੇ ਇਉਂ ਜੋਦੜੀ ਕਰਨ ਲਗੇ. 'ਪਿਤਾ, ਇਹ ਸਿਰ ਤਾਂ ਉਸੇ ਦਿਨ ਤੋਂ ਹੀ ਹਜ਼ੂਰ ਦਾ ਹੈ ਜਿਸ ਦਿਨ ਤੋਂ ਆਪ ਦੇ ਦੱਸੇ ਮਾਰਗ ਉਤੇ ਪੈਰ ਧਰਿਆ । ਮੈਂ ਸ਼ਰਮਸਾਰ ਹਾਂ ਤੇ ਆਪਣੇ ਇਸ ਜੱਕੋ ਤੱਕੋ ਉਤੇ ਜਿਸ ਕਾਰਨ ਆਪ ਨੂੰ ਇਹ ਛਿਨ-ਭਗਰ ਨਿਗੂਣਾ ਸਿਰ ਮੰਗਣ ਲਈ ਤਿੰਨ ਵੇਰਾਂ ਸੰਗਤਿ ਨੂੰ ਸੰਬੋਧਨ ਕਰਨਾ ਪਿਆ । ਆਪ ਮੇਰੀ ਇਹ ਅਵਗਿਆ ਖਿਮਾਂ ਕਰੋ । ਇਕ ਨਹੀਂ ਜੇ ਇਕ ਹਜ਼ਾਰ ਸਿਰ ਦੇ ਕੇ ਵੀ ਤੁਹਾਡੀ ਮੇਹਰ ਦੀ ਇਕ ਨਜ਼ਰ ਪ੍ਰਾਪਤ ਹੋ ਜਾਵੇ ਤਾਂ ਸੌਦਾ ਸਸਤਾ ਹੈ ।

ਇਸੇ ਤਰ੍ਹਾਂ ਗੁਰਦੇਵ ਚਾਰ ਵੇਰ ਹੋਰ ਲਹੂ ਨਾਲ ਭਿੱਜੀ ਤਲਵਾਰ ਹਥ ਵਿਚ ਫੜੀ ਸਿਖਾਂ ਦੇ ਉਸ ਇਤਿਹਾਸਿਕ ਇਕੱਠ ਵਿਚ ਆਏ ਅਤੇ ਉਨ੍ਹਾਂ ਨੂੰ ਚਾਰ ਸੀਸ ਹੋਰ ਭੇਟ ਕੀਤੇ ਗਏ । ਗੁਰਾਂ ਨੇ ਇਨ੍ਹਾਂ ਪੰਜਾਂ ਨੂੰ ਇਸ ਤਰ੍ਹਾਂ ਨਵਾਂ ਜੀਵਨ ਬਖਸ਼ ਕੇ ਖਾਲਸੇ ਦੇ 'ਪਿਆਰਿਆਂ' ਦਾ ਮਹਾਨ ਅਦਬੀ ਵਰ ਪਰਦਾਨ ਕੀਤਾ । ਖੰਡੇ ਦੀ ਪਾਹੁਲ ਤਿਆਰ ਕੀਤੀ । ਇਨ੍ਹਾਂ ਨੂੰ ਛਕਾ ਕੇ ਫੇਰ ਇਨ੍ਹਾਂ ਪਾਸੋਂ ਆਪ ਛਕੀ ਅਤੇ ਇਸ ਤਰ੍ਹਾਂ 'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ' ਦੀ ਨਵੀਂ ਗੀਤ ਚਲਾਈ । ਇਹ ਗੀਤ ਪੰਥ ਖਾਲਸੇ ਨੂੰ ਗੁਰਿਆਈ ਤੇ ਸਮਾਨਤਾ ਦੇਣ ਦੇ ਨਾਲ ਇਕ ਤਰ੍ਹਾਂ ਇਸ ਗਲ ਦੀ ਸੂਚਕ ਸੀ ਕਿ ਸਤਿਗੁਰੂ ਅਗੇ ਲਈ ਵਯਕਤੀ-ਗਤ ਗੁਰੂ ਦਾ ਸਿਲਸਿਲਾ ਖਤਮ ਕਰਨਾ ਚਾਹੁੰਦੇ ਹਨ ।

ਏਹੋ ਜਿਹੀ ਸੀ ਸੰਮਤ ੧੭੫੬ ਦੀ ਇਤਿਹਾਸਕ ਵੇਸਾਖੀ ਜਦ ਸੰਤ-ਸਿਪਾਹੀ 'ਗੁਰੂ ਦੇ ਖਾਸ ਰੂਪ ਖਾਲਸੇ' ਅਥਵਾ ਪੰਥ ਖਾਲਸੇ ਦੀ ਅਦੁਤੀ ਢੰਗ ਤੇ ਦੀਰਘ ਦ੍ਰਿਸ਼ਟੀ ਨਾਲ ਸਾਜਨਾ ਹੋਈ ।

ਸਿਖ ਇਤਿਹਾਸ ਦੀ ਅਗਲੀ ਮਹਾਨ ਤੇ ਯਾਦਗਾਰੀ ਘਟਨਾ ਹੈ 'ਦ...



www.AKJ.Org

ਖ਼ਾਲਸੇ' ਦਾ ਹੋਂਦ ਵਿਚ ਆਉਣਾ। ਇਤਿਹਾਸਕ ਸਜਨਾ ਵੀ ਸੰਮਤ ੧੮੦੫ ਦੀ ਵੈਸਾਖੀ ਨੂੰ ਹੀ ਹੋਈ, ਅਤੇ ਇਸ ਨੇ ਭਾਰਤ ਦੇ ਇਤਿਹਾਸ ਦੇ ਨਕਸ਼ੇ ਦੀ ਰੂਪ-ਰੇਖਾ ਬਦਲ ਕੇ ਰਖ ਦਿਤੀ।

'ਪੰਥ ਖਾਲਸੇ ਅਤੇ ਦਲ ਖਾਲਸੇ' ਦੀ ਸਾਜਨਾ ਵਿਚ ਕੋਈ ਪੰਜਾਹ ਕੁ ਵਰ੍ਹੇ ਦਾ ਖੱਪਾ ਹੈ। ਸੰਮਤ ੧੭੬੫ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਭੁ-ਪੁਰ-ਪਯਾਣੇ ਕਰ ਜਾਣ ਅਤੇ ਇਸ ਪਿਛੋਂ ਅਠ ਸਾਲ ਮਗਰੋਂ ਬਾਬਾ ਬੰਦਾ ਬਹਾਦਰ ਜੀ ਦੇ ਫੜੇ ਅਤੇ ਸ਼ਹਾਦਤ ਦਾ ਪਿਆਲਾ ਪੀ ਜਾਣ ਉਪਰੰਤ ਸਿਖਾਂ ਉਤੇ ਦੁਖ ਤਕਲੀਫਾਂ ਦੇ ਉਹ ਉਹ ਪਹਾੜ ਟੁੱਟੇ, ਜਿਨ੍ਹਾਂ ਦਾ ਖਿਆਲ ਮਾਤ੍ਰ ਹੀ ਦਿਲ ਨੂੰ ਭੈ-ਭੀਤ ਕਰ ਦਿੰਦਾ ਹੈ। ਹਕੂਮਤ ਦੀ ਸਾਰੀ ਮਸ਼ੀਨਰੀ ਤੇ ਪਿੰਡਾਂ ਦੇ ਖਾਂਦੇ ਪੀਂਦੇ ਲੋਕ ਸਰਕਾਰ ਤੋਂ ਇਨਾਮ ਪ੍ਰਾਪਤ ਕਰਨ ਜਾਂ ਡਰ ਦੇ ਕਾਰਨ ਸਭ ਸਿਖਾਂ ਦੇ ਦੋਖੀ ਸਨ। ਸਿਖ ਦੇ ਸਿਰ ਦਾ ਮੁਲ ਪੈਂਦਾ ਸੀ। ਸਿਖ ਘਰ ਘਾਟ ਛੱਡ ਕੇ ਦੂਰ ਨੇੜੇ ਦੇ ਜੰਗਲਾਂ ਤੇ ਰੇਤ-ਥਲਿਆਂ ਵਿਚ ਦਿਨ-ਕਟੀ ਕਰਨ ਲਗੇ। ਹੱਲਾ ਕਰਨਾ ਤੇ 'ਹਰਨ ਹੋ ਜਾਣਾ' ਉਨ੍ਹਾਂ ਦਾ ਕਿੱਤਾ ਬਣ ਗਿਆ। ਮੁਗ਼ਲਾਂ ਨਾਲ ਲੋਹਾ ਲੈਂਦਿਆਂ ਲੈਂਦਿਆਂ ਜਦ ਉਨ੍ਹਾਂ ਦੇ ਕਮਜ਼ੋਰ ਪੈ ਜਾਣ ਨਾਲ ਖਾਲਸੇ ਨੂੰ ਆਜ਼ਾਦੀ ਦੀ ਝਲਕ ਦਿੱਸਣ ਲਗੀ ਤਾਂ ਨਾਦਰਸ਼ਾਹ ਦੇ ਵਾਰਿਸ ਐਹਮਦ ਸ਼ਾਹ ਅਬਦਾਲੀ ਜੋ ਮੁਗ਼ਲਾਂ ਨਾਲੋਂ ਵੀ ਵਧੇਰੇ ਸਖ਼ਤ ਤੇ ਜਾਬਰ ਦੁਸ਼ਮਨ ਸੀ, ਦੇ ਹੱਲਿਆਂ ਦਾ ਟਾਕਰਾ ਕਰਨਾ ਪੈ ਗਿਆ।

ਸਿਖ ਇਤਿਹਾਸ ਵਿਚ ਇਹ ਭਿਆਨਕ ਸਮਾਂ ਵੱਡੀ ਪਰਖ ਦਾ ਸਮਾਂ ਕਿਹਾ ਜਾਂਦਾ ਹੈ। ਪ੍ਰੰਤੂ ਕੁਦਰਤੀ ਨਿਯਮਾਂ ਅਨੁਸਾਰ ਇਸ ਬਿਪਤ-ਕਾਲ ਨੇ 'ਸਮੇਂ ਦਾ ਸਰਦਾਰ' ਵੀ ਸਿਖਾਂ ਵਿਚ ਪੈਦਾ ਕਰ ਦਿਤਾ। ਬਿਰਧ ਸਰਦਾਰ ਕਪੂਰ ਸਿੰਘ ਫਰੱਖਸੀਅਰ ਦੇ ਤਸੀਹਾਂ-ਭਰੇ ਸਮੇਂ ਤੋਂ ਖਾਲਸੇ ਦੀ ਅਗਵਾਈ ਕਰ ਰਿਹਾ ਸੀ। ਸੰਮਤ ੧੮੦੫ ਦੀ ਵੈਸਾਖੀ ਸਮੇਂ ਸ੍ਰੀ ਅੰਮ੍ਰਿਤਸਰ ਜੀ ਇਕੱਤ੍ਰ ਹੋਏ ਸਿਖਾਂ ਦੇ ੬੦ ਕੁ ਜਥਿਆਂ ਦੇ ਸਰਦਾਰਾਂ ਨੂੰ ਇਸ ਗੱਲ ਉਤੇ ਰਾਜੀ ਕਰਨ ਉਤੇ ਸਫ਼ਲ ਹੋ ਗਏ ਕਿ ਉਨ੍ਹਾਂ ਨੂੰ ਪੰਥਕ-ਲਾਭ ਹਿਤ ਸਾਰੇ ਜਥਿਆਂ ਦਾ ਬਲ ਇਕ ਥਾਂ 'ਦਲ-ਖਾਲਸਾ' ਦੇ ਨਾਂ ਹੇਠ ਇਕਠਾ ਕਰਕੇ ਵੈਰੀ ਦਾ ਟਾਕਰਾ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਦਲ-ਖਾਲਸੇ ਦੀ ਸਥਾਪਨਾ ਹੋਈ ਅਤੇ ਸਰਬ-ਸੰਮਤੀ ਨਾਲ ਇਸ ਦੀ ਜਥੇਦਾਰੀ ਸ੍ਰ: ਜੱਸਾ ਸਿੰਘ ਜੀ ਆਹਲੂਵਾਲੀਏ ਨੂੰ ਸੌਂਪੀ ਗਈ।

ਦਲ-ਖਾਲਸੇ ਦਾ ਰਾਹ ਅਜੇ ਵੀ ਬਿਖੜਾ ਸੀ। ਉਸ ਨੂੰ ਸੰਮਤ ੧੮੧੯ ਦੇ ਘਲੂਘਾਰੇ ਜਿਹੀਆਂ ਭਿਆਨਕ ਤਬਾਹੀਆਂ ਵਿਚ ਦੀ ਲੰਘਣਾ ਪਿਆ। ਆਖਰ ਦ੍ਰਿੜ੍ਹਤਾ, ਸੇਵਾ, ਸਿਮਰਨ ਤੇ ਦੀਨ-ਦੁਖੀਆਂ ਲਈ ਦਰਦ-ਮੰਦ ਦਿਲ



www.AKJ.Org

ਰਖਣ ਕਰਕੇ ਫਤਹ ਖਾਲਸੇ ਦੇ ਚਰਨ ਚੁੰਮਣ ਲਗੀ। ਘਲੂਘਾਰੇ ਤੋਂ ਕੇਵਲ ਤਿੰਨ ਸਾਲ ਬਾਅਦ ਸੰਮਤ ੧੮੨੨ ਵਿਚ ਖਾਲਸੇ ਨੇ ਲਾਹੌਰ ਫਤਹ ਕਰ ਲਿਆ। ਸੰਮਤ ੧੮੨੨ ਦੀ ਵੈਸਾਖੀ ਵਾਲੇ ਦਿਨ ਦਲ ਖਾਲਸੇ ਦੇ ਜਥੇਦਾਰ ਸ੍ਰੀ ਅੰਮ੍ਰਿਤਸਰ ਜੀ ਇਕੱਤ੍ਰ ਹੋਏ ਅਤੇ ਸਰਬ-ਸੰਮਤੀ ਨਾਲ ਫੈਸਲਾ ਕੀਤਾ ਕਿ ਲਾਹੌਰ ਉਤੇ ਕਬਜ਼ਾ ਕਰ ਲਿਆ ਜਾਵੇ। ਕੇਵਲ ਤਿੰਨਾਂ ਸਾਤਿਆਂ ਵਿਚ ਇਸ ਮਤੇ ਨੂੰ ਅਮਲੀ ਸ਼ਕਲ ਦੇ ਦਿਤੀ ਗਈ ਅਤੇ ਲਾਹੌਰ ਉਤੇ ਕਬਜ਼ਾ ਕਰਕੇ ਖਾਲਸੇ ਦਾ ਪਹਿਲਾ ਸਿੱਕਾ ਜਾਰੀ ਕੀਤਾ ਗਿਆਂ। ਇਸ ਦੇ ਸ਼ਬਦ ਸਨ:–

'ਦੇਗੁ ਤੇਗੁ ਫਤਹ ਨੁਸਰਤ ਬੇਦਰੰਗ।
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।'

ਸੰਮਤ ੧੮੨੯ ਵਿਚ ਅਬਦਾਲੀ ਦੇ ਮਰਨ ਉਪਰੰਤ ਖਾਲਸੇ ਦਾ ਜ਼ੋਰ ਵਧਣ ਲੱਗਾ ਅਤੇ ਦਲ ਬਾਰਾਂ ਮਿਸਲਾਂ ਵਿਚ ਵੰਡਿਆ ਗਿਆ। ਆਖਰ ਸ਼ੁਕਰਚਕੀਏ ਮਿਸਲ ਦੇ ਸਰਦਾਰ ਰਣਜੀਤ ਸਿੰਘ ਜੀ ਮਿਸਲਾਂ ਦੇ ਵੱਖ ਵੱਖ ਰਾਜਾਂ ਨੂੰ ਇਕ ਥਾਂ ਕਰਕੇ ਇਕ ਵੱਡਾ ਰਾਜ ਸਥਾਪਨ ਕਰਨ ਵਿਚ ਸਫਲ ਹੋਏ, ਜਿਸ ਦੀ ਸਾਲਾਨਾ ਆਮਦਨ ਤਿੰਨ ਕਰੋੜ ਰੁਪੈ ਦੇ ਲਗ ਪਗ ਸੀ।

ਮਹਾਰਾਜਾ ਰਣਜੀਤ ਸਿੰਘ ਜੀ ਨੇ ਵੀ ਲਾਹੌਰ ਦੇ ਸ਼ਾਹੀ ਕਿਲੇ ਵਿੱਚ ਵੱਡਾ ਦਰਬਾਰ ਲਾ ਕੇ ਰਾਜ ਤਿਲਕ ਪ੍ਰਾਪਤ ਕਰਨ ਦੀ ਰਸਮ ਲਈ ੧੮੫੮ ਦੀ ਵੈਸਾਖੀ ਵਾਲਾ ਦਿਨ ਹੀ ਚੁਣਿਆ। ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਤਿਲਕ ਦੇਣ ਦੀ ਇਹ ਰਸਮ ਸੰਪੂਰਨ ਕੀਤੀ। ਇਸੇ ਦਿਨ ਨੂੰ ਪਵਿਤ੍ਰ ਸਮਝਦਿਆਂ ਹੋਇਆਂ ਮਹਾਰਾਜਾ ਨੇ ਨਾਨਕ ਸ਼ਾਹੀ ਸਿੱਕਾ ਜਾਰੀ ਕੀਤਾ।

ਇਸ ਤਰ੍ਹਾਂ ਖਾਲਸੇ ਦਾ ਜਨਮ, ਦਲ ਖਾਲਸੇ ਦੀ ਸਥਾਪਨਾ ਤੇ ਖਾਲਸਾ ਰਾਜ ਦਾ ਅਰੰਭ ਸਭ ਵੈਸਾਖੀ ਵਾਲੇ ਦਿਨ ਤੋਂ ਹੀ ਹੋਇਆ।


## ਲੇਖਕ ਸੱਜਣਾਂ ਦੀ ਸੇਵਾ ਵਿਚ

ਲੇਖ ਹਰ ਮਹੀਨੇ ਦੀ ਦੱਸ ਤਾਰੀਖ ਤਕ ਹੇਠ ਲਿਖੇ ਪਤੇ ਤੇ ਪੁਜ ਜਾਣੇ ਚਾਹੀਦੇ ਹਨ।

ਮੈਨੇਜਰ "ਸੂਰਾ"
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।




www.AKJ.Org

# ਸੁਖ-ਦੁਖ

(ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ)

## ਵਾਹਿਗੁਰੂ

ਵਾਹਿਗੁਰੂ ਸਤਿ-ਚਿਤ-ਅਨੰਦ ਸਰੂਪ ਹੈ। ਸਰਬ ਗੁਣ ਸੰਪੂਰਨ ਤੇ ਸਰਬ ਕਲਾ ਸਮਰਥ ਹੈ। ਅਕਾਲ ਮੂਰਤਿ ਹੈ। ਨਿਰਭਉ ਹੈ। ਨਿਰਵੈਰ ਹੈ। ਇਸੇ ਲਈ ਵਾਹਿਗੁਰੂ ਸੁਖ-ਸਾਗਰ ਹੈ ਤੇ ਸੁਖ-ਦਾਤਾ ਵੀ। ਇਹ ਸ੍ਰਿਸ਼ਟੀ ਰਚਨਾ ਵਾਹਿਗੁਰੂ ਜੀ ਦਾ ਆਪਣਾ ਹੀ ਇਕ ਸੁਖਦਾਈ ਖੇਲ ਹੈ।

## ਸੁਖਦਾਈ ਰਚਨਾ

ਇਹ ਸ੍ਰਿਸ਼ਟੀ ਮਨੁਖ ਲਈ ਵਾਹਿਗੁਰੂ ਜੀ ਦਾ ਪ੍ਰਾਹੁਣ ਘਰ [Guest-house] ਹੈ। ਗਰੀਬ ਤੋਂ ਗਰੀਬ ਮਨੁਖ ਆਪਣੇ ਪ੍ਰਾਹੁਣੇ ਦੀ ਵਿਤੋਂ ਵਧ ਸੇਵਾ ਕਰਦਾ ਹੈ ਤੇ ਉਸ ਦੇ ਸੁਖ ਲਈ ਹਰ ਉਪਰਾਲਾ ਕਰਦਾ ਹੈ। ਵਾਹਿਗੁਰੂ ਜੀ ਨੇ ਵੀ ਇਸ ਧਰਤੀ ਤੇ ਮਨੁਖ ਲਈ ਸੁਖ ਦੇ ਸਾਰੇ ਸਾਧਨ ਤੇ ਸਾਜ਼-ਸਮਾਨ ਪੈਦਾ ਕੀਤੇ ਹਨ। ਖਾਣ ਲਈ ਨਾਨਾ ਪਰਕਾਰ ਦੇ ਭੋਜਨ, ਪੈਨਣ ਲਈ ਸੁੰਦਰ ਬਸਤਰ ਤੇ ਰਹਿਣ ਲਈ ਉਚੀਆਂ ਅਟਾਰੀਆਂ ਤੇ ਸੇਜ-ਸੁਖਾਲੀਆਂ, ਦਿਲ ਪਰਚਾਵੇ ਵਾਸਤੇ, ਮਾਤਾ, ਪਿਤਾ, ਇਸਤ੍ਰੀ, ਬਚੇ, ਸਾਕ, ਸਜਨ ਆਦਿ ਉਹੋ ਦਿੰਦਾ ਹੈ। ਨਿਰੇ ਪਦਾਰਥਕ ਸੁਖ ਹੀ ਨਹੀਂ ਸਗੋਂ ਆਤਮਿਕ ਸੁਖ ਦੇ ਖਜਾਨੇ ਵੀ ਪੈਦਾ ਕੀਤੇ ਗਏ ਹਨ ਜਿਵੇਂ ਨਾਮ-ਬਾਣੀ ਤੇ ਪੂਰਨ-ਪੁਰਖਾਂ ਦੀ ਸੰਗਤਿ ਆਦਿ।

ਅਣਗਿਣਤ ਸਦੀਆਂ ਤੋਂ ਬੇਅੰਤ ਜੀਵ ਜੰਤੂ, ਪਸ਼ੂ ਪੰਛੀ, ਪਦਾਰਥਕ ਤੇ ਆਤਮਿਕ ਭੰਡਾਰੇ ਵਿਚੋਂ ਸੁਖ ਭੋਗ ਦੇ ਭੁੰਚਦੇ ਚਲੇ ਆ ਰਹੇ ਹਨ ਪਰ ਇਹ ਭੰਡਾਰਾ ਜਿਵੇਂ ਦਾ ਤਿਵੇਂ ਦੂਣ ਸਵਾਇਆ ਹੀ ਪਿਆ ਹੈ। ਯਥਾ:-

"ਖਾਵਹਿ ਖਰਚਹਿ ਰਲਿ ਮਿਲਿ ਭਾਈ ॥
ਤੋਟਿ ਨ ਆਵੈ ਵਧਦੋ ਜਾਈ ॥"

[ਗਉੜੀ ਗੁਆਰੇਰੀ ਮਹਲਾ ੫]



www.AKJ.Org

## ਮਨੁਖ-ਸਰਬ ਸ੍ਰੇਸ਼ਟ

ਵਾਹਿਗੁਰੂ ਨੇ ਮਨੁੱਖ ਨੂੰ ਧਰਤੀ ਤੇ ਉਤਪਤ ਕੀਤੀ ਸਰਬੱਤ ਕਾਇਨਾਤ ਦਾ ਸਰਦਾਰ ਥਾਪਿਆ ਹੈ। ਬਾਕੀ ਦੀਆਂ ਸਾਰੀਆਂ ਚੌਰਾਸੀ ਲੱਖ ਜੂਨਾਂ ਮਨੁਖ ਦੀ ਟਹਿਲ ਕਮਾਉਣ ਲਈ ਇਸ ਦੀ ਤਾਬਿਆ ਵਿਚ ਹਨ। ਯਥਾ ਗੁਰਵਾਕ:–

"ਅਵਰ ਜੋਨਿ ਤੇਰੀ ਪਨਿਹਾਰੀ ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥" [ਆਸਾ ਮਹਲਾ ੫]

## ਦੁਖ ਤੇ ਇਸ ਦਾ ਕਾਰਨ

ਪਰ ਸਾਰੇ ਪਦਾਰਥਕ ਤੇ ਆਤਮਿਕ ਸੁਖਾਂ ਦੇ ਸਾਧਨ ਹੁੰਦਿਆਂ ਸੁੰਦਿਆਂ ਧਰਤੀ ਦਾ ਸਰਦਾਰ [ਮਨੁੱਖ] ਨਿਰਾਸ ਤੇ ਵਿਆਕੁਲ ਹੀ ਨਜ਼ਰ ਆਉਂਦਾ ਹੈ। ਧਨਵਾਨ, ਨਿਰਧਨ, ਬਾਲ, ਬੁਢੇ, ਜਵਾਨ, ਮਰਦ, ਤੀਵੀਆਂ ਸਭ ਦੁਖੀ ਹਨ। ਐਸੇ ਦੁਖਾਂ ਦੇ ਪਸਾਰੇ ਨੂੰ ਅਨੁਭਵ ਕਰਕੇ ਬੈਰਾਗੀ ਬਾਬਾ ਫਰੀਦ ਪੁਕਾਰ ਉਠਿਆ:–

'ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥ ੮੧ ॥"
(ਸਲੋਕ ਸ਼ੇਖ ਫਰੀਦ ਕੇ)

ਤੇ ਗੁਰੂ ਬਾਬੇ ਨੇ ਯਥਾਰਥਕ ਬਚਨ ਕੀਤਾ:–

"ਨਾਨਕ ਦੁਖੀਆ ਸਭੁ ਸੰਸਾਰੁ ॥"
(ਸਲੋਕ ਮ: ੧)

ਏਨੇ ਸੁਖਾਂ ਦੇ ਸਾਧਨਾਂ ਦੀ ਪ੍ਰਾਪਤੀ ਦੇ ਬਾਵਜੂਦ ਮਨੁਖ ਦਾ ਦੁਖੀ ਹੋਣਾ ਭਾਵੇਂ ਇਕ ਅਚੰਭਾ ਹੈ ਪਰ ਹੈ ਇਹ ਇਕ ਕਰੜੀ ਅਸਲੀਅਤ। ਆਖ਼ਰ ਇਸ ਦਾ ਕਾਰਨ ਕੀ ਹੈ ?

ਸੁਜਾਨ ਸਤਿਗੁਰੂ ਨੇ ਦੁਖੀ ਮਨੁੱਖ ਦੇ ਦੁਖ ਨੂੰ ਅਨੁਭਵ ਕੀਤਾ ਤੇ ਦਰਦੀਆਂ ਦੇ ਮਹਿਰਮ ਸਚੇ ਜਗਤ-ਵੈਦ ਨੇ ਰੋਗ ਦਾ ਕਾਰਨ ਬੁਝਿਆ ਤੇ ਫੁਰਮਾਇਆ–

"ਸਭੇ ਦੁਖ ਸੰਤਾਪ ਜਾ ਤੁਧਹੁ ਭੁਲੀਐ ॥
ਜੇ ਕੀਚਨਿ ਲਖ ਉਪਾਵ ਤਾ ਕਹੀ ਨ ਘੁਲੀਐ ॥"
(ਪਉੜੀ ਮ: ੫)

ਪੁਨ:–"ਦੁਖੁ ਤਦੇ ਜਾ ਵਿਸਰਿ ਜਾਵੈ ॥"
(ਮਾਝ ਮਹਲਾ ੫)



www.AKJ.Org

# ਭੁਲ ਤੇ ਭੁਲੇਖਾ

ਮਨੁਖ ਦੇ ਸਰੀਰ-ਬੁਤ ਵਿਚ ਇਸ ਦਾ ਮਾਲਕ–ਆਤਮਾ–ਵਸਦਾ ਹੈ। ਇਹ ਆਤਮ ਵਾਹਿਗੁਰੂ ਦੀ ਅੰਸ, ਵਾਹਿਗੁਰੂ–ਸਾਗਰ ਦੀ ਇਕ ਬੂੰਦ ਹੈ। ਅਸਲ ਵਿਚ ਸਰੀਰ ਤਾਂ ਕੇਵਲ ਮਿਟੀ ਦੀ ਮੜ੍ਹੋਲੀ ਹੀ ਹੈ। ਇਹ ਮੜ੍ਹੋਲੀ ਆਤਮਾ ਦੀ ਹੋਂਦ ਨਾਲ ਹੀ ਕੰਚਨ ਵੰਨੀ ਦੇਹੀ ਹੋਇ ਜਾਪਦੀ ਹੈ। ਇਸ ਮੜ੍ਹੋਲੀ ਦੀ ਪੋਚਾ-ਪਾਚੀ ਉਤਨੀ ਦੇਰ ਹੀ ਹੁੰਦੀ ਹੈ ਜਿੰਨੀ ਦੇਰ ਤਕ ਆਤਮਾ ਇਸ ਵਿਚ ਵਸਦਾ ਰਸਦਾ ਹੈ। ਆਤਮਾ ਨਿਕਲਦਿਆਂ ਹੀ ਇਹ ਮੜ੍ਹੋਲੀ "ਅੰਤ ਖੇਹ ਕੀ ਖੇਹ" ਹੋ ਜਾਂਦੀ ਹੈ ਤੇ ਇਸ ਨੂੰ ਅਗਨਿ ਭੇਟ ਕਰ ਦਿਤਾ ਜਾਂਦਾ ਹੈ।

ਲੋੜ ਤਾਂ ਇਸ ਗੱਲ ਦੀ ਹੈ ਕਿ ਆਤਮਾ ਦੀ ਸੇਵਾ ਸੰਭਾਲ ਕਰਕੇ ਇਸ ਨੂੰ ਬਲਵਾਨ ਬਣਾਇਆ ਜਾਵੇ ਤੇ ਇਸ ਦੀ ਪਰਫੁਲਤਾ ਲਈ ਲੋੜੀਂਦੀ ਖੁਰਾਕ ਦਿਤੀ ਜਾਵੇ ਜੋ ਜਗਤ-ਵੈਦ ਸਤਿਗੁਰੂ ਨੇ ਫੁਰਮਾਈ ਹੈ:–

"ਸਿਮਰਿ ਸਿਮਰਿ ਨਾਮੁ ਬਾਰੰਬਾਰ ॥
ਨਾਨਕ ਜੀਅ ਕਾ ਇਹੈ ਅਧਾਰ ॥ ੨ ॥"
(ਗਉੜੀ ਸੁਖਮਨੀ ਮ: ੫)

ਬਲਵਾਨ ਆਤਮਾ ਦੀ ਸਵਾਰੀ ਲਈ ਇਸ ਦੇਹ-ਤੇਜਣ ਨੂੰ ਵੀ ਨਰੋਆ ਤੇ ਸੁਆਰਥ ਰਖਣ ਦੀ ਲੋੜ ਹੈ। ਪਰ ਅਗਿਆਨਤਾ ਦੇ ਅਸਰ ਥਲੇ ਮਨੁਖ ਦੇਹ ਨੂੰ ਹੀ ਸਭ ਕੁਝ ਸਮਝੀ ਬੈਠਾ ਹੈ ਅਤੇ ਦੇਹ-ਅਧਿਆਸ ਵਿਚ ਹੀ ਦਿਨ ਰਾਤ ਉਰਝਿਆ ਪਿਆ ਹੈ। ਪੇਟ ਭਰਨਾ ਤੇ ਪਸ਼ੂਆਂ ਵਾਂਗ ਸਉਂ ਰਹਿਣਾ ਹੀ ਧਰਤੀ ਦੇ ਸਰਦਾਰ ਦੀ ਨਿਤ-ਕਿਰਿਆ ਹੈ। ਅਗਿਆਨੀ ਮਨੁਖ ਆਤਮਾ ਤੇ ਪ੍ਰਮਾਤਮਾ ਦੀ ਹੋਂਦ ਤੋਂ ਹੀ ਮੁਨਕਰ ਹੋ ਗਿਆ ਹੈ। ਇਸ ਉਲਟੇ ਵਰਤਾਰੇ ਦਾ ਵਚਿਤ੍ਰ ਫੋਟੋ ਗੁਰਬਾਣੀ ਅੰਦਰ ਇਉਂ ਚਿਤਰਿਆ ਮਿਲਦਾ ਹੈ–

"ਰਤਨੁ ਤਿਆਗਿ ਕਉਡੀ ਸੰਗਿ ਰਚੈ ॥
ਸਾਚੁ ਛੋਡਿ ਝੂਠ ਸੰਗਿ ਮਚੈ ॥
ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ॥
ਜੋ ਹੋਵਨੁ ਸੋ ਦੂਰਿ ਪਰਾਨੈ ॥
ਛੋਡਿ ਜਾਇ ਤਿਸ ਕਾ ਸ੍ਰਮੁ ਕਰੈ ॥
ਸੰਗਿ ਸਹਾਈ ਤਿਸੁ ਪਰਹਰੈ ॥
ਚੰਦਨ ਲੇਪੁ ਉਤਾਰੈ ਧੋਇ ॥
ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥"
[ਗਉੜੀ ਸੁਖਮਨੀ ਮਹਲਾ ੫]


www.AKJ.Org

## ਪਦਾਰਥਾਂ ਦੀ ਅਯੋਗ ਵਰਤੋਂ

ਮਾਇਕ ਪਦਾਰਥ ਤੇ ਸ੍ਰੀਰਕ ਸੁਖ ਤਾਂ ਇਸ ਲਈ ਪੈਦਾ ਕੀਤੇ ਗਏ ਹਨ ਕਿ ਮਨੁਖ ਸ੍ਰੀਰਕ ਲੋੜਾਂ ਤੋਂ ਨਿਸਚਿੰਤ ਹੋ ਕੇ ਅ ਪਣੇ ਨਿਜ-ਕੇਂਦਰ ਨਾਲ ਜੁੜੇ ਰਹਿਣ ਦੇ ਆਹਰ ਵਿਚ ਹੀ ਨਿਮਗਨ ਰਹੇ। ਪਰ ਆਤਮ ਰਸ ਤੋਂ ਘੁੱਥਾ ਮਨੁੱਖ ਸ੍ਰੀਰਕ ਚਸਕਿਆਂ ਦਾ ਸ਼ਿਕਾਰ ਹੋ ਗਿਆ। ਹੋਛੇ ਰਸਾਂ ਦੇ ਜਾਲ ਵਿਚ ਫਸ ਕੇ ਖੁਆਰੀ ਦੇ ਰਾਹ ਹੋ ਤੁਰਿਆ। ਰਸ-ਕਸ ਗ੍ਰਸੇ ਮਨੁਖ ਦਾ ਵਰਨਣ ਗੁਰੂ ਬਾਬੇ ਨੇ ਕਿਹਾ ਸੁਹਣਾ ਕੀਤਾ ਹੈ–

"ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥"
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥"
(ਸਿਰੀ ਰਾਗੁ ਮਹਲਾ ੧)

ਚਸਕਿਆਂ ਵਿਚ ਫਸੇ ਮਨੁੱਖ ਨੂੰ ਆਪਣੇ ਸਰੀਰ ਦੀ ਸੰਭਾਲ ਵੀ ਵਿਸਰ ਜਾਂਦੀ ਹੈ ॥ ਐਸੇ ਮਨੁਖ ਦਾ ਸਰੀਰ ਤੇ ਮਨ ਵਿਕਾਰੀ ਹੋ ਜਾਂਦੇ ਹਨ। ਵਿਕਾਰਾਂ ਤੋਂ ਰੋਗ ਦੀ ਉਤਪਤੀ ਹੋਣੀ ਅਵਸ਼ ਹੈ। ਗੁਰਬਾਣੀ ਦਾ ਕਥਨ ਹੈ:–

(੧) ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ ॥
(ਵਾਰ ਸੂਹੀ ਕੀ ਸਲੋਕ ਮ: ੩)

(੨) ਖਸਮੁ ਵਿਸਾਰਿ ਕੀਏ ਰਸ ਭੋਗ ॥
ਤਾਂ ਤਨਿ ਉਠਿ ਖਲੋਏ ਰੋਗ ॥ (ਮਲਾਰ ਮਹਲਾ ੧)

(੩) ਮਿਠਾ ਕਰਿ ਕੈ ਕਉੜਾ ਖਾਇਆ ॥
ਤਿਨਿ ਕਉੜੈ ਤਨਿ ਰੋਗੁ ਜਮਾਇਆ ॥ (ਸਾਰੰਗ ਕੀ ਵਾਰ ਮ: ੧)

## ਹੋਛੇ ਰਸ ਤੇ ਸੁਖ

ਸੁਖ ਦੇ ਢੂੰਢਾਊ ਮਨੁੱਖ ਨੇ ਹਰ ਉਹ ਉਦਮ ਕੀਤਾ ਜਿਸ ਨਾਲ ਉਸ ਦਾ ਸ੍ਰੀਰਕ ਸੁਖ ਬਣਿਆ ਰਹੇ । ਇਸ ਲਈ ਜਾਇਜ਼ ਤੇ ਨਾਜਾਇਜ਼ ਕਈ ਢੰਗ ਵਰਤੋਂ ਵਿਚ ਲਿਆਕੇ, ਜਣੇ ਖਣੇ ਦੀ ਮੁਥਾਜੀ ਕਰਕੇ ਸ੍ਵੈ-ਮਾਨਤਾ ਦਾ ਦੀਵਾਲਾ ਕਢਿਆ। ਪਰ ਸੁਖ ਕਿਤੋਂ ਨ ਮਿਲਿਆ। ਭੁਲੇ ਮਨੁੱਖ ਨੂੰ ਏਨੀ ਸਮਝ ਨਹੀਂ ਕਿ ਸੁਖ ਦਾ ਸੋਮਾਂ ਤਾਂ ਉਹ ਦੇ ਅੰਦਰ ਹੈ। ਅੰਦਰ ਅੰਮ੍ਰਿਤ ਦਾ ਸਾਗਰ ਸੁਭਰ-ਭਰਪੂਰ ਠਾਠਾਂ ਮਾਰਦਾ ਹੈ। ਬਦ-ਕਿਸਮਤ ਕਦੇ ਬੁਕ ਭਰ ਕੇ ਪੀਣ ਦਾ ਉਦਮ ਨਹੀਂ ਕਰਦਾ · ਗਊ-ਥਣ ਨਾਲ ਲੱਗੀ ਚਿਚੜੀ ਵਾਂਗ ਦੁਧ ਦੀ ਥਾਂ ਲਹੂ ਪੀਣ ਵਿਚ ਹੀ ਮਸਤ ਹੈ। ਆਪਣੀ ਕਥੂਰੀ ਤੋਂ ਬੇਖਬਰ ਝਾੜੀ ਫਾਥੇ ਮਿਰਗ ਵਾਂਗੂ ਹੈ।



www.AKJ.Org

ਭਲਾ ਬਾਹਰਲੇ ਬਿਨਸਨਹਾਰ ਮਾਇਕ ਪਦਾਰਥਾਂ ਵਿਚ ਸਦੀਵੀ ਸੁਖ ਕਿਥੇ ? ਯਥਾ ਗੁਰਵਾਕ:–

"ਬਹੁ ਰੰਗ ਮਾਇਆ ਬਹੁ ਬਿਧਿ ਪੇਖੀ ॥ ਕਲਮ ਕਾਗਦ ਸਿਆਨਪ ਲੇਖੀ ॥ ਮਹਰ ਮਲੂਕ ਹੋਇ ਦੇਖਿਆ ਖਾਨ ॥ ਤਾ ਤੇ ਨਾਹੀ ਮਨੁ ਤ੍ਰਿਪਤਾਨ ॥ ੧ ॥ ਸੋ ਸੁਖੁ ਮੋਕਉ ਸੰਤ ਬਤਾਵਹੁ ॥ ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ ॥ ੧ ॥ ਰਹਾਉ ॥ ਅਸੁ ਪਵਨ ਹਸਤਿ ਅਸਵਾਰੀ ॥ ਚੋਆ ਚੰਦਨ ਸੇਜ ਸੁੰਦਰਿ ਨਾਰੀ ॥ ਨਟ ਨਾਟਿਕ ਆਖਾਰੇ ਗਾਇਆ ॥ ਤਾ ਮਹਿ ਮਨਿ ਸੰਤੋਖੁ ਨ ਪਾਇਆ ॥ ੨ ॥ ਤਖਤੁ ਸਭਾ ਮੰਡਨ ਦੋਲੀਚੇ ॥ ਸਗਲ ਮੇਵੇ ਸੁੰਦਰ ਬਾਗੀਚੇ ॥ ਆਖੇੜ ਬਿਰਤਿ ਰਾਜਨ ਕੀ ਲੀਲਾ ॥ ਮਨੁ ਨ ਸੁਹੇਲਾ ਪਰਪੰਚੁ ਹੀਲਾ ॥ ੩ ॥ ਕਰਿ ਕਿਰਪਾ ਸੰਤਨ ਸਚੁ ਕਹਿਆ ॥ ਸਰਬ ਸੂਖ ਇਹੁ ਆਨਦੁ ਲਹਿਆ ॥ ਸਾਧ ਸੰਗਿ ਹਰਿ ਕੀਰਤਨੁ ਗਾਈਐ ॥ ਕਹੁ ਨਾਨਕ ਵਡਭਾਗੀ ਪਾਈਐ ॥ ੪ ॥

(ਗਉੜੀ ਗੁਆਰੇਰੀ ਮਹਲਾ ੫)

# ਸੁਖ-ਦੁਖ ਨਿਰਣਾ

ਸੁਖ ਦੁਖ ਬਾਰੇ ਹਰ ਇਕ ਮਨੁੱਖ ਦਾ ਦ੍ਰਿਸ਼ਟੀਕੋਣ ਆਪੋ ਆਪਣਾ ਹੈ ਜਿਸ ਦਾ ਨਿਰਭਰ ਹਰ ਇਕ ਦੀ ਆਪਣੀ ਮਾਨਸਿਕ ਅਵਸਥਾ ਤੇ ਸੂਝ ਬੂਝ ਤੇ ਹੈ। ਬਚਪਨ ਵਿਚ ਪੜ੍ਹਾਈ ਦੁਖਦਾਈ ਭਾਸਦੀ ਹੈ ਪਰ ਵਡੇਰੇ ਹੋ ਕੇ ਜਦ ਪੜ੍ਹਿਆਂ ਲਿਖਿਆਂ ਦੀ ਕਦਰ ਹੁੰਦੀ ਹੈ ਤਾਂ ਪੜ੍ਹਾਈ ਸੁਖਦਾਈ ਹੋ ਕੇ ਪ੍ਰਗਟਦੀ ਹੈ। ਉਂਜ ਦੁਖ-ਸੁਖ ਦੀ ਕੋਈ ਅਡਰੀ ਹੋਂਦ ਨਹੀਂ ਹੈ। ਅਸਲੀ ਅਨੰਦ ਸਮਾਨ ਤੇ ਸਹਿਜ ਜੀਵਨ ਬਤੀਤ ਕਰਨ ਵਿਚ ਹੈ। ਜਦੋਂ ਜੀਵਨ ਦੇ ਤਰਾਜ਼ੂ ਦਾ ਕੋਈ ਪਲੜਾ ਭਾਰੀ ਹੁੰਦਾ ਹੈ ਤਾਂ ਦੁਖ-ਸੁਖ ਦਾ ਚੱਕਰ ਚਲਦਾ ਹੈ। ਹਰ ਸੁਖ ਦੀ ਕੁਖੋਂ ਦੁਖ ਦਾ ਜਨਮ ਹੁੰਦਾ ਹੈ। ਤੇ ਹਰ ਦੁਖ ਪਿਛੋਂ ਸੁਖ। ਯਥਾ ਗੁਰਵਾਕ–

"ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ ॥"

(ਪ੍ਰਭਾਤੀ ਮਹਲਾ ੧)

ਸਾਧਾਰਨ ਤੌਰ ਤੇ ਮਨੁੱਖ ਆਪਣੀਆਂ ਖਾਹਸ਼ਾਂ ਦੀ ਪੂਰਤੀ ਤੇ ਸੁਖ ਪ੍ਰਤੀਤ ਕਰਦਾ ਹੈ ਅਤੇ ਅਪੂਰਤੀ ਤੇ ਦੁਖ। ਪਰ ਹਰ ਖਾਹਿਸ਼ ਦਾ ਪੂਰੇ ਹੋਣਾ ਇਕ ਨਵੀਂ ਖਾਹਿਸ਼ ਦੀ ਉਤਪਤੀ ਦਾ ਪੇਸ਼ਖੇਮਾ ਹੁੰਦਾ ਹੈ। ਇੰਜ ਮਨੁਖ ਦੇ ਜੀਵਨ ਵਿਚ ਉਹ ਸੁਭਾਗ ਸਮਾਂ ਕਦੀ ਨਹੀਂ ਆਉਂਦਾ, ਜਦੋਂ ਉਹ ਪ੍ਰਤੀਤ ਕਰੇ



www.AKJ.Org

ਕਿ ਹੁਣ ਉਸਦੀ ਕੋਈ ਖਾਹਿਸ਼ ਬਾਕੀ ਨਹੀਂ। ਖਾਹਿਸ਼ਾਂ ਪਦਾਰਥਕ ਪ੍ਰਾਪਤੀ ਦੇ ਨਾਲ ਬੁਝਣ ਦੀ ਥਾਂ ਸਗੋਂ ਭੜਕਦੀਆਂ ਹਨ ਤੇ ਹਰ ਦਮ ਮਨੁਖ ਨੂੰ ਦੁਖੀ ਤੇ ਬੇਚੈਨ ਕਰਦੀਆਂ ਹਨ। ਖਾਹਿਸ਼ਾਂ ਦੇ ਮਾਰਨ ਦਾ ਸਫਲ ਸਾਧਨ ਉਹਨਾਂ ਦੀ ਪੂਰਤੀ ਵਿਚ ਨਹੀਂ ਸਗੋਂ ਉਹਨਾਂ ਤੋਂ ਉਪਰਾਮਤਾ ਤੇ ਸੰਤੋਖ ਦੀ ਧਾਰਨਾ ਕਰਨ ਵਿਚ ਹੈ। ਯਥਾ ਗੁਰਵਾਕ:—

"ਬਿਨਾ ਸੰਤੋਖ ਨਹੀਂ ਕੋਊ ਰਾਜੈ ॥
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥"
(ਗਉੜੀ ਸੁਖਮਨੀ ਮਹਲਾ ੫)

ਵੀਹਵੀਂ ਸਦੀ ਦੇ ਪਦਾਰਥਕ ਉਨਤੀ ਦੇ ਜੁਗ ਵਿਚ ਸੰਤੋਖ ਦੀ ਧਾਰਨਾ ਕਰਨੀ ਵੀ ਕਿਹੜੀ ਸੌਖੀ ਹੈ ਜਦ ਕਿ ਆਸੇ ਪਾਸੇ ਸਾਰੇ ਮਨੁੱਖੀ ਸਮਾਜ ਵਿਚ ਲੋਭ-ਲਾਲਚ ਦਾ ਹੜ੍ਹ ਆਇਆ ਪਿਆ ਹੈ। ਲੋਭ ਦੇ ਹਲਕਾਏ ਹੋਇ ਤ੍ਰਿਸ਼ਨਾਲੂ ਪੁਰਸ਼ ਭੁਖੇ-ਬਾਂਦਰਾਂ ਵਾਂਗੂ ਆਪਸ ਵਿਚ ਲੜਦੇ ਤੇ ਦੁਖੀ ਹੁੰਦੇ ਹਨ। ਐਸੀ ਦੁਰਦਸ਼ਾ ਵਿਚ ਸੰਤੋਖ ਦਾ ਧਨ ਕੇਵਲ ਉਸ ਵਡਭਾਗੇ ਦੇ ਹਿਸੇ ਆਉਂਦਾ ਹੈ ਜਿਸ ਦੇ ਅੰਦਰ ਨਾਮ ਦੀ ਠੰਡ ਆ ਪ੍ਰਵੇਸ਼ ਕਰੇ। ਨਾਮ ਦੀ ਠੰਡਕ ਨਾਲ ਹੀ ਤ੍ਰਿਸ਼ਨਾ ਦੀ ਅਗਨੀ ਬੁਝ ਸਕਦੀ ਹੈ। ਗੁਰਬਾਣੀ ਦਾ ਫੁਰਮਾਨ ਹੈ:—

"ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥"
(ਧਨਾਸਰੀ ਮਹਲਾ ੫)

ਨਾਮ ਰਸ ਦੀ ਮਸਤੀ ਵਿਚ ਮਨੁੱਖੀ ਭੁਖ ਦੀ ਤ੍ਰਿਪਤੀ ਹੋ ਜਾਂਦੀ ਹੈ, ਮਨ ਸ਼ਾਂਤ ਹੋ ਜਾਂਦਾ ਹੈ ਤੇ ਇਸ ਤਰ੍ਹਾਂ ਸੁਖ ਅੰਦਰ ਪਰਵੇਸ਼ ਹੋ ਆਉਂਦਾ ਹੈ। ਐਸਾ ਵਡਭਾਗਾ ਮਨੁੱਖ ਨਾਮ-ਮਸਤੀ ਵਿਚ ਖੀਵਾ ਹੋ ਗਜ ਉਠਦਾ ਹੈ:—

"ਮਾਈ ਮੇਰੇ ਮਨ ਕੋ ਸੁਖੁ ॥
ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭਿ ਦੁਖੁ ॥"
(ਟੋਡੀ ਮਹਲਾ ੫)

ਪੁਨ:—

"ਅਬ ਮੈ ਸੁਖੁ ਪਾਇਓ ਗੁਰ ਆਗ੍ਹਿ ॥
ਤਜੀ ਸਿਆਨਪ ਚਿੰਤ ਵਿਸਾਰੀ ਅਹੰ ਛੋਡਿਓ ਹੈ ਤਿਆਗ੍ਹਿ ॥"
(ਜੈਤਸਰੀ ਮਹਲਾ ੫)

ਵੈਸੇ ਸੁਖ-ਦੁਖ ਮਨੁਖੀ ਸਰੀਰ ਦੇ ਕਪੜੇ ਹਨ। ਜਿਸ ਤਰ੍ਹਾਂ ਬਦਲਵੀਆਂ



www.AKJ.Org

ਰੁਤਾਂ ਵਿਚ ਮਨੁਖੀ ਲਿਬਾਸ ਵਿਚ ਤਬਦੀਲੀ ਹੁੰਦੀ ਹੈ, ਇਸ ਤਰ੍ਹਾਂ ਹੀ ਬਦਲ-ਦੀਆਂ ਮਾਨਸਿਕ ਰੁਚੀਆਂ ਲਈ ਦੁਏ-ਸੁਖ ਦੇ ਕਪੜਿਆਂ ਦੀ ਤਬਦੀਲੀ ਵੀ ਉਚਿਤ ਹੈ। ਦੁਖ ਦੇ ਨਾਲ ਹੀ ਸੁਖ ਦੀ ਕਦਰ ਤੇ ਕੀਮਤ ਪੈਂਦੀ ਹੈ। ਜਿਸ ਤਰ੍ਹਾਂ ਸਰੀਰ ਨੂੰ ਜ਼ਿਆਦਾ ਸੁਖ-ਰਹਿਣਾ ਰਖਣ ਨਾਲ ਸਰੀਰਕ ਅੰਗ ਢਿਲਕਵੇਂ ਤੇ ਬੇਡੌਲ ਹੋ ਜਾਂਦੇ ਹਨ ਤੇ ਕਦੀ ਕਦੀ ਸਰੀਰ ਰੋਗੀ ਵੀ ਹੋ ਜਾਂਦਾ ਹੈ। ਇਸ ਦਾ ਇਲਾਜ ਹੈ ਕਸਰਤ ਕਰਨਾ। ਜੋ ਓਪਰੀ ਨਜ਼ਰੇ ਦੁਖ ਭਾਸਦਾ ਹੈ ਪਰ ਹੈ ਸੁਖਦਾਈ। ਏਸੇ ਤਰਾਂ ਦੁਖ ਸਾਡਾ ਪੀ. ਟੀ. ਮਾਸਟਰ ਹੈ ਜੋ ਸਾਡੇ ਢਿਲੇ ਤੇ ਰੋਗੀ ਮਨ ਦੀ ਕਸਰਤ ਕਰਵਾਉਂਦਾ ਹੈ ਤੇ ਇਸ ਨੂੰ ਅਰੋਗ ਕਰਦਾ ਹੈ ਤਾਂ ਹੀ ਤੇ ਜਗਤ ਵੈਦ ਬਾਬੇ ਨੇ ਦੁਖ ਨੂੰ ਦਾਰੂ ਦਸਿਆ ਹੈ। ਯਥਾ ਗੁਰਵਾਕ:–

"ਦੁਖ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥"

(ਆਸਾ ਦੀ ਵਾਰ, ਸਲੋਕ ਮ: ੧)

ਸੁਖ-ਦੁਖ ਦਾ ਸਾਰਾ ਨਿਰਭਰ ਨਿਰਾ ਮਨੁਖ ਦੇ ਇਸ ਮਨੁੱਖੀ ਜਾਮੇ ਵਿਚ ਕੀਤੇ ਕਰਮਾਂ ਤੇ ਹੀ ਸੀਮਤ ਨਹੀਂ, ਬਹੁਤ ਹਾਲਤਾਂ ਵਿਚ ਮਨੁਖ ਨੂੰ ਆਪਣੇ ਪੂਰਬਲੇ ਕਰਮਾਂ ਦੇ ਰੋਗ ਵਜੋਂ ਵੀ ਸੁਖ-ਦੁਖ ਵਾਪਰਦਾ ਹੈ। ਪਿਛਲੇ ਜਨਮ ਕਰਮਾਂ ਤੋਂ ਅਨਜਾਣ ਮਨੁਖ ਦੁਖ ਆਉਣ ਤੇ ਦੁਖੀ ਤੇ ਸੁਖ ਆਉਣ ਤੇ ਬਫਾਉਣ ਲੱਗ ਜਾਂਦਾ ਹੈ। ਆਦਰਸ਼ਕ ਮਨੁੱਖ ਉਹੋ ਹੀ ਹੈ ਜੋ ਵਾਹਿਗੁਰੂ ਦੀ ਰਜ਼ਾ ਵਿਚ ਰਾਜ਼ੀ ਰਵੇ ਤੇ ਸੁਖ-ਦੁਖ ਨੂੰ ਸਮ ਕਰ ਜਾਣੇ। ਯਥਾ ਗੁਰਵਾਕ–

ਸੁਖੁ ਦੁਖੁ ਜਿਹ ਪਰਸੈ ਨਹੀਂ ਲੋਭ ਮੋਹ ਅਭਿਮਾਨੁ ॥
ਕਹੁ ਨਾਨਕ ਸੁਨ ਰੇ ਮਨਾ ਸੋ ਮੂਰਤ ਭਗਵਾਨ ॥ ੧੩॥

(ਸਲੋਕ ਮਹਲਾ ੯)

* * * *



www.AKJ.Org

# ਬਾਬਾ ਵੈਦ ਰੋਗੀਆਂ ਦਾ

ਭਾਈ ਸਾਹਿਬ ਮਨਮੋਹਨ ਸਿੰਘ ਜੀ M. Sc. (Agr.) ਜੈ ਪੁਰ

-- --

ਜਗਤ ਦੁਖੀ ਦੇਖ ਕੇ ਰਾਜਕੁਮਾਰ ਸਿਧਾਰਥ ਦਾ ਮਨ ਉਦਾਸ ਹੋਇਆ। ਰਾਜ ਭਾਗ ਤਿਆਗਿਆ। ਫ਼ਕੀਰੀ ਲਈ। ਤੱਪ ਕੀਤੇ। ਅੰਤ ਗਿਆਨ ਕੀ ਪਾਇਆ? "ਸ਼ੁਭ ਕਰਨੀ।" ਏਸ "ਸ਼ੁਭ ਕਰਨੀ" ਦੇ ਪ੍ਰਚਾਰ ਵਿਚ ਉਮਰਾ ਬਿਤਾਈ। ਦੇਸ਼ ਦੇ ਵਖੋ ਵਖ ਪ੍ਰਾਂਤਾਂ ਵਿਚ ਪ੍ਰਚਾਰ ਦੌਰੇ ਕੀਤੇ ਤੇ ਸਿਖਿਆ ਦਿਤੀ ਕਿ ਸ਼ੁਭ ਕਰਨੀ ਹੀ ਮਨੁਖ ਲਈ ਦੁਖਾਂ ਤੋਂ ਛੁਟਕਾਰੇ ਦਾ ਸਾਧਨ ਹੈ।

ਹੁਣ ਜਗਤ ਜਲੰਦਾ ਤੱਕ ਕੇ ਗੁਰੂ ਨਾਨਕ ਨੂੰ ਵੀ ਦਿਲਗੀਰੀ ਆਈ। ਗੁਰੂ ਨਾਨਕ ਨੂੰ ਨਹੀਂ, ਖ਼ੁਦ ਸ੍ਰਿਸ਼ਟੀ ਦੇ ਰਚਨਹਾਰ ਕਰਤਾਪੁਰਖ ਨੂੰ ਦਿਲਗੀਰੀ ਆਈ ਤੇ ਆਪਣੀ ਮੇਹਰ ਦੇ ਘਰ ਵਿਚ ਆ ਕੇ ਆਪਣੀ ਜੋਤ ਨੂੰ ਗੁਰੂ ਨਾਨਕ ਨਾਮ ਦੇ ਸਰੀਰਕ ਰੂਪ ਵਿਚ ਰਖ ਕੇ ਪ੍ਰਿਥਵੀ ਤੇ ਪ੍ਰਗਟੇ।

"ਬਾਬਾ ਦੇਖੈ ਧਿਆਨ ਧਰ, ਜਲਤੀ ਸਭ ਪ੍ਰਿਥਵੀ ਦਿਸਿ ਆਈ॥"

ਹੁਣ ਦੀ ਜਗਤ ਪੀੜਾ ਜੋ ਰਾਜ ਕੁਮਾਰ ਸਿਧਾਰਥ ਅਥਵਾ ਮਹਾਤਮਾ ਬੁਧ ਦੇ ਵੇਲੇ ਸਿਰਫ ਭੈੜੀ ਕਰਨੀ ਕਰਕੇ ਸੀ, ਉਸ ਵਿਚ ਹੁਣ ਧਰਮ ਗਰਦੀ ਅਤੇ ਰਾਜ ਗਰਦੀ ਦਾ ਹੋਰ ਵਾਧਾ ਹੋ ਗਿਆ ਸੀ। ਪਰਜਾ ਧਰਮ ਤੋਂ ਡਿੱਗ ਚੁਕੀ ਸੀ। ਸਤਿ ਸੰਗਾਂ ਨੇ ਕੁਸੰਗਾਂ ਦਾ ਰੂਪ ਧਾਰਨ ਕਰ ਲਿਆ ਸੀ। ਜ਼ਾਲਮ ਪਠਾਨਾਂ ਦਾ ਰਾਜ ਸੀ। ਅਤੇ ਜਰਵਾਣੇ ਮੁਗ਼ਲ ਆਪਣੇ ਪੈਰ ਜਮਾਉਣ ਦੇ ਯਤਨਾਂ ਵਿਚ ਨਿਤਾਣੀ ਪਰਜਾ ਦਾ ਖ਼ੂਨ ਚੂਸ ਰਹੇ ਸਨ। ਬਾਬੇ–ਨਿਰੰਕਾਰੀ ਬਾਬੇ–ਨਾਨਕ ਜੀ ਨੇ ਹੋਰ ਦਿਲਗੀਰੀ ਖਾਧੀ ਅਤੇ ਪੁਤਰ, ਇਸਤ੍ਰੀ, ਪ੍ਰੀਵਾਰ ਤਿਆਗ–

"ਚੜ੍ਹਿਆ ਸੋਧਨ ਧਰਤ ਲੁਕਾਈ॥"

ਫਿਰ ਇਕ ਨਹੀਂ, ਦੋ ਨਹੀਂ, ਦੱਸ ਜਾਮੇ ਸਰੀਰਕ ਰੂਪ ਧਾਰਨ ਕਰਕੇ ਇਸ ਸੜ ਰਹੀ ਮਨੁੱਖਤਾ ਨੂੰ ਸੀਤਲਤਾ ਦਾ ਰਾਹ ਦਸਿਆ। ਸਾਰੀ ਧਰਤੀ ਤੇ ਫਿਰ ਕੇ ਸ਼ਾਂਤ ਵਰਤਾਈ ਅਤੇ "ਗ੍ਰਿਹਸਤ ਉਦਾਸ" ਦਾ ਸੁਮਾਰਗ ਤੋਰਿਆ।

ਸ੍ਰਿਸ਼ਟੀ ਦੇ ਆਤਮਕ ਤੇ ਧਾਰਮਕ ਇਤਿਹਾਸ ਵਿਚ ਇਹ ਇਕ ਅਨੋਖਾ



www.AKJ.Org

ਤੇ ਨਵਾਂ ਦ੍ਰਿਸ਼ਟੀ ਕੋਨ ਬਾਬੇ ਨਾਨਕ ਨੇ ਪ੍ਰਚਾਰਿਆ ਗ੍ਰਿਹਸਤ ਉਦਾਸੀ ਦਾ। ਆਪ ਤੋਂ ਪਹਿਲੇ ਸਮਿਆਂ ਵਿਚ ਗ੍ਰਿਹਸਤ ਮਾਰਗ ਨੂੰ ਨੀਵੀਂ ਨਜ਼ਰ ਨਾਲ ਦੇਖ ਕੇ ਧਾਰਮਕ ਦ੍ਰਿਸ਼ਟੀਕੋਨ ਤੋਂ ਧਿਰਕਾਰਿਆ ਜਾਂਦਾ ਸੀ। ਇਹ ਵਿਸਵਾਸ਼ ਆਮ ਪ੍ਰਚਲਤ ਸੀ ਕਿ ਕਿਸੇ ਗ੍ਰਿਹਸਤੀ ਲਈ ਰੱਬ ਦੇ ਰਾਹ ਤੇ ਚੱਲ ਕੇ ਰੱਬ ਪ੍ਰਾਪਤੀ ਅਸੰਭਵ ਹੈ। ਇਸੇ ਲਈ ਕੰਵਰ ਸਿਧਾਰਥ ਨੂੰ ਰਾਜ ਭਾਗ ਤੇ ਗ੍ਰਿਹਸਤ ਦਾ ਤਿਆਗ ਕਰਨਾ ਪਿਆ। ਪਰ ਲੱਭਾ ਕੀ? ਸ਼ੁਭ ਕਰਨੀ ਦਾ ਨੁਸਖਾ। ਭਾਵ ਕਿਸੇ ਜੀਅ ਨੂੰ ਦੁਖ ਨਾ ਦੇਣਾ। ਸਿੱਟਾ ਕੀ ਨਿਕਲਿਆ? ਸ਼ੁਭ ਕਰਮਾਂ ਦੀ ਲਿਵ ਅਤੇ ਕਿਸੇ ਜੀਅ ਨੂੰ ਕਿਸੇ ਹਾਲਤ ਵਿਚ ਵੀ ਦੁਖ ਨਾ ਦੇਣ ਦੀ ਲਗਨ ਇਕ ਸੌਦਾਅ ਦਾ ਰੂਪ ਧਾਰਨ ਕਰ ਗਈ ਅਤੇ ਜਨਤਾ ਨੂੰ ਉਤਾਂਹ ਚੁਕਣ ਦੀ ਥਾਵੇਂ ਹੋਰ ਤਰਾਂ ਦੀ ਗਿਰਾਵਟ ਵਿਚ ਲੈ ਆਂਦਾ। ਨਾਲ ਹੀ ਰੱਬ ਦੀ ਪ੍ਰਾਪਤੀ ਦਾ ਉਦੇਸ਼ ਵਿਚੇ ਹੀ ਧਰਿਆ ਰਹਿ ਗਿਆ। ਇਸ ਇਲਾਜ ਨਾਲ ਬੀਮਾਰੀ ਦੀ ਜੜ੍ਹ ਨਹੀਂ ਸੀ ਪਕੜੀ ਗਈ। ਜਿਸ ਤਰਾਂ ਕਿਸੇ ਰੋਗ ਗਰਸਤ ਮਨੁਖ ਨੂੰ ਕਿਹਾ ਜਾਵੇ ਕਿ ਤੇਰੀ ਬੀਮਾਰੀ ਦਾ ਇਲਾਜ ਇਹ ਹੈ ਕਿ ਸਰੀਰ ਨੂੰ ਸਮੁਚੇ ਤੌਰ ਤੇ ਰਿਸ਼ਟ ਪੁਸ਼ਟ ਰਖੋ ਪਰ ਇਹ ਨਾ ਦਸਿਆ ਜਾਵੇ ਕਿ ਕਿਵੇਂ। ਮਨੁਖ ਦੇ ਸਮੁਚੇ ਰੋਗਾਂ ਦਾ ਇਲਾਜ ਤਾਂ ਠੀਕ ਸ਼ੁਭ ਕਰਮ ਹੀ ਹੈ। ਪਰ ਸ਼ੁਭ ਕਰਮ ਕੀ ਹਨ, ਇਹ ਪਛਾਣ ਵੀ ਨਾ ਦੱਸੀ ਗਈ ਅਤੇ ਇਹ ਕਿਸ ਤਰਾਂ ਕਰਨੇ ਹਨ, ਇਹ ਜਾਚ ਵੀ ਨਾ ਦੱਸੀ ਗਈ।

ਸ੍ਰੀ ਗੁਰੂ ਨਨਕ ਸੱਚੇ ਵੈਦ ਨੇ ਨਾ ਸਿਰਫ ਰੋਗ ਦੀ ਪਛਾਣ ਹੀ ਕੀਤੀ ਬਲਕਿ ਇਸ ਦੇ ਜੜ੍ਹ ਕਾਰਨ ਨੂੰ ਖੋਜ ਕੇ ਦੁਖੀ ਜਨਤਾ ਨੂੰ ਦਸਿਆ ਕਿ–

''ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥''
''ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥''

ਸਾਡੇ ਸਮੂਹ ਰੋਗਾਂ ਦਾ ਮੁਢਲਾ ਕਾਰਨ ਸੀ ਕਿ ਅਸੀਂ ਆਪਣੇ ਅਸਲੇ ਨੂੰ ਭੁੱਲ ਬੈਠੇ ਸਾਂ। ਆਪਣੀ ਸ਼ਕਤੀ ਦੇ ਸੋਮੇ ਤੋਂ ਟੁਟਕੇ ਨਿਤਾਣੇ ਹੋ ਚੁਕੇ ਸਾਂ। ਸੋ ਗੁਰੂ ਸਾਹਿਬ ਨੇ ਵੰਗਾਰ ਕੇ ਆਖਿਆ ਕਿ ਐ ਮਨੁਖ! ਤੂੰ ਉਹ ਕੁਛ ਨਹੀਂ ਜੋ ਕੁਛ ਦਿੱਸ ਰਿਹਾ ਹੈ। ਤੂੰ ਤਾਂ ਕੁਛ ਹੋਰ ਹੈਂ। ਇਹ ਦਿਸਣਹਾਰ ਦੇਹੀ ਤਾਂ ਪੰਜਾਂ ਤੱਤਾਂ ਦੀ ਮੜ੍ਹੋਲੀ ਹੈ। ਇਸ ਵਿਚ ਬੈਠਾ ਜੀਵ ਜਿਸ ਨੂੰ ਤੂੰ ''ਮੈਂ'' ਕਰਕੇ ਕਹਿੰਦਾ ਹੈਂ, ਉਹ ਤਾਂ ਆਦਿ ਸ਼ਕਤੀ–''ਆਦਿ ਸੱਚ, ਜੁਗਾਦਿ ਸੱਚ, ਹੈ ਭੀ ਸੱਚ, ਨਾਨਕ ਹੋਸੀ ਭੀ ਸੱਚ''–ਉਸ ਅਮਰ ਅਕਾਲੀ ਸ਼ਕਤੀ, ਸਭ ਸ਼ਕਤੀਆਂ ਦਾ ਮੂਲ, ਅਕਾਲ ਪੁਰਖ, ੧ ਓ ਵਾਹਿਗੁਰੂ ਜੀ ਦੀ ਜੋਤ ਹੈ:–

ਮਨ ਤੂੰ ਜੋਤਿ ਸਰੂਪੁ ਹੈਂ ਆਪਣਾ ਮੂਲੁ ਪਛਾਣੁ ॥



www.AKJ.Org

ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥

ਬਿਜਲੀ ਦਾ ਬਲਬ ਜਦ ਤਾਈਂ ਤਾਰਾਂ ਨਾਲ ਸਵਿਚ (ਬਟਨ) ਦੇ ਰਾਹੀਂ ਆਪਣੇ ਸੋਮੇ ਨਾਲ ਜੁੜਿਆ ਹੈ, ਰੌਸ਼ਨੀ ਦੇਵੇਗਾ । ਜਦ ਇਹ ਮੇਲ ਟੁੱਟ ਗਿਆ, ਤਾਂ ਅਨ੍ਹੇਰਾ ਹੋ ਗਿਆ। ਉਹ ਬਲਬ ਬੇਜਾਨ ਤੇ ਬੇਚਾਨਣ ਸ਼ੈ ਬਣ ਗਿਆ। ਉਸ ਵਿਚੋਂ ਫਿਰ ਚਾਨਣ ਲੈਣ ਲਈ ਉਸ ਦਾ ਕੁਨੈਕਸ਼ਨ ਬਿਜਲੀ ਘਰ ਨਾਲ ਜੋੜਨਾ ਪਵੇਗਾ। ਐਨ ਏਸੇ ਤਰਾਂ ਸੱਚੇ ਵੈਦ ਗੁਰੂ ਨਾਨਕ ਜੀ ਨੇ ਜਗਤ ਨੂੰ ਦਸਿਆ ਕਿ ਜਗਤ ਦੇ ਦੁਖਾਂ ਦਾ ਠੀਕ ਇਲਾਜ ਇਹੋ ਹੈ ਕਿ ਮਨੁਖ ਮਨ ਆਪਣੇ ਅਸਲੇ ਨੂੰ ਪਛਾਣੇ। ਆਪਣੇ ਮੂਲ ਨੂੰ ਪਛਾਣ ਕੇ ਉਸ ਨਾਲ ਕੁਨਕਸ਼ਨ ਜੋੜੇ। ਦੁਖਾਂ ਦਾ ਅਨ੍ਹੇਰਾ ਆਪਣੇ ਆਪ ਦੂਰ ਹੋ ਜਾਏਗਾ। ਇਸ ਮੰਤਵ ਦੀ ਪੂਰਤੀ ਲਈ ਜੋ ਦਵਾਈ ਦਿਤੀ ਉਹ ਸੀ ਆਪਣੇ ਅਸਲੇ, ਪਰਮ ਪ੍ਰਮਾਤਮਾ ਦੇ ਨਾਮ ਦਾ ਸਿਮਰਨ। ਇਸੇ ਲਈ ਗੁਰਬਾਣੀ ਵਿਚ ਸਪਸ਼ਟਾਇਆ ਗਿਆ ਹੈ:–

"ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥"

"ਅਉਖਧੁ ਖਾਇਓ ਹਰਿ ਕੋ ਨਾਉ ॥ ਸੁਖ ਪਾਏ ਦੁਖ ਬਿਨਸਿਆ ਥਾਉ ॥"

"ਮੇਰਾ ਬੈਦੁ ਗੁਰੂ ਗੋਵਿੰਦਾ ॥
ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ, ਕਾਟੈ ਜਮ ਕੀ ਫੰਦਾ ॥"

ਇਸ ਲਈ ਆਪਣੀ ਮੱਤ ਕੁਮੱਤ ਅਨੁਸਾਰ ਸ਼ੁਭ ਕਰਮਾਂ ਤੇ ਜ਼ੋਰ ਦੇਣ ਦੀ ਥਾਂ ਮੂਲ ਸ਼ੁਭ ਕਰਮ ਨਾਮ ਸਿਮਰਣ ਤੇ ਜ਼ੋਰ ਦਿਤਾ, ਜਿਸ ਦੇ ਅਪਨਾਣ ਨਾਲ ਬਾਕੀ ਦੇ ਸਾਰੇ ਸ਼ੁਭ ਕਰਮ ਸਹਿਜ ਸੁਭਾ ਐਸ ਤਰਾਂ ਆਉਂਦੇ ਹਨ, ਜਿਸ ਤਰਾਂ ਬਿਜਲੀ ਘਰ ਨਾਲ ਕੁਨੈਕਸ਼ਨ ਜੁੜਨ ਨਾਲ ਬਿਜਲੀ ਦੀ ਸ਼ਕਤੀ ਨਾਲ ਵਖੋ ਵਖ ਕੰਮ ਆਪੇ ਹੀ ਹੁੰਦੇ ਚਲੇ ਜਾਂਦੇ ਹਨ । ਇਸ ਮੂਲ ਸ਼ੁਭ ਕਰਮ–ਨਾਮ ਸਿਮਰਨ–ਦੀ ਮਹਾਨ ਦਾਤ ਗੁਰੂ ਨਾਨਕ ਜੀ ਨੇ ਜਗਤ ਜਲੰਦੇ ਨੂੰ ਦਿਤੀ ਤੇ ਦੁਖੀ ਦੁਨੀਆਂ ਨੂੰ ਪੁਕਾਰ ਕੇ ਦਸਿਆ ਕਿ ਇਹ "ਨਾਮ ਸਿਮਰਨ" ਹੀ ਮੁਖ ਸ੍ਰੇਸ਼ਟ ਕਰਮ ਹੈ--

"ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥"

ਹਰੀ ਦੇ ਨਾਮ ਦਾ ਜਾਪ ਹੀ ਮੁਖ ਨਿਰਮਲ ਕਰਮ ਹੈ। ਜੇ ਇਹ ਨਹੀਂ ਤਾਂ ਮਨੁਖ ਦੇ ਸਾਰੇ ਕਰਮ ਮੰਦੇ ਹਨ । ਇਸੇ ਲਈ ਸਪੱਸ਼ਟ ਅਖਰਾਂ ਵਿਚ ਗੁਰਬਾਣੀ ਫੁਰਮਾਣ ਹੈ–

"ਅਵਰਿ" ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧ ਸੰਗਤਿ ਭਜੁ "ਕੇਵਲ" ਨਾਮ ॥

ਇਥੇ ਅਖਰ "ਅਵਰ" ਤੇ "ਕੇਵਲ" ਖਾਸ ਮਹੱਤਤਾ ਭਰਪੂਰ ਹਨ।



www.AKJ.Org

ਨਾਮ ਜਪਣ ਤੋਂ ਬਿਨਾਂ ਜਿੰਨੇ ਵੀ ਮਨੁਖੀ ਕਰਮ ਹਨ ਉਹ ਸਾਰੇ ਹੀ "ਅਵਰ" ਸ਼ਬਦ ਵਿਚ ਆ ਜਾਂਦੇ ਹਨ । ਸੋ ਬਿਨਾਂ ਕਿਸੇ ਸ਼ੰਕੇ ਦੇ ਸਪਸ਼ਟ ਕਰ ਦਿਤਾ ਕਿ ਨਾਮ ਜਪਣ ਤੋਂ ਬਿਨਾਂ ਜੋ ਵੀ ਕੰਮ ਹਨ, ਉਹ ਮਨੁਖ ਦੇ ਕਿਸੇ ਕੰਮ ਨਹੀਂ, ਉਹ ਸ਼ੁਭ ਕਰਮ ਕਹੇ ਹੀ ਨਹੀਂ ਜਾ ਸਕਦੇ । "ਕੇਵਲ" ਨਾਮ ਹੀ ਇਕ ਐਸਾ ਕਰਮ ਹੈ ਜੋ ਮੂਲ ਸ਼ੁਭ ਕਰਮ ਹੈ :–

"ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆਂ ॥" ... ...

"ਨਾਮ ਬਿਨਾ ਜੇਤਾ ਬਿਉਹਾਰੁ ॥
ਜਿਉ ਮਿਰਤਕ ਮਿਥਿਆ ਸੀਗਾਰੁ ॥"

ਇਸ ਦਾ ਭਾਵ ਇਹ ਨਹੀਂ ਕਿ ਸਚ ਬੋਲਣਾ, ਦੇਸ਼ ਸੇਵਾ, ਦੁਖੀਆਂ ਦਾ ਦੁਖ ਦੂਰ ਕਰਨਾ, ਮਨੁਖਤਾ ਦੀ ਉਨਤੀ ਲਈ ਜੀਵਨ ਅਰਪਨ ਕਰਨਾ, ਇਤਿ ਆਦਿ ਕਰਮ ਸ਼ੁਭ ਕਰਮ ਹੀ ਨਹੀਂ । ਭਾਵ ਇਹ ਹੈ ਕਿ ਦੁਨੀਆ ਦੇ ਸਾਰੇ ਸ਼ੁਭ ਕਰਮਾਂ ਦਾ ਮੰਬਾ ਅਕਾਲ ਪੁਰਖ ਹੈ। ਸੋ ਸਭ ਤੋਂ ਸ੍ਰੇਸ਼ਟ ਤੇ ਮੂਲ ਸ਼ੁਭ ਕਰਮ ਨਾਮ ਸਿਮਰਣ ਦੇ ਜ਼ਰੀਏ ਨਾਮੀ ਵਾਹਿਗੁਰੂ ਨਾਲ ਜੁੜਨਾ ਹੈ । ਫਿਰ ਮਨੁਖ ਕੋਲੋਂ ਕੋਈ ਭੈੜਾ ਕਰਮ ਹੋ ਹੀ ਨਹੀਂ ਸਕਦਾ । ਇਸ ਮੂਲ ਕਰਮ ਤੋਂ ਬਿਨਾਂ ਮਨੁਖ ਸ਼ੁਭ ਕਰਮ ਕਰ ਹੀ ਨਹੀਂ ਸਕਦਾ । ਜੇਕਰ ਕਰਨ ਦੇ ਯਤਨ ਕਰੇਗਾ ਵੀ ਤਾਂ ਪੰਜਾਂ ਦੂਤਾਂ ਵਿਚੋਂ ਸਭ ਤੋਂ ਪਹਿਲੇ "ਹਉਂ" ਤੇ ਫੇਰ ਬਾਕੀ ਸਾਰੇ ਹੀ ਮਨੁਖ ਤੇ ਭਾਰੂ ਹੋ ਕੇ ਉਸ ਦੇ ਚੰਗੇ ਕਰਮਾਂ ਵਿਚ ਵੀ ਬੁਰਾਈ ਭਰ ਦੇਂਦੇ ਹਨ ।

ਇਸ ਸ੍ਰੇਸ਼ਟ ਤੇ ਸਰਬੋਤਮ ਕਰਮ ਨੂੰ ਕਰਨ ਲਈ ਇਹ ਜ਼ਰੂਰੀ ਨਹੀਂ ਕਿ ਗ੍ਰਹਿਸਤ ਤਿਆਗ ਕੇ ਵਣ ਕੰਡੇ ਸਹੇ ਜਾਣ । ਮਾਇਆ ਦਾ ਤਿਆਗ ਕਰਕੇ ਆਪਾ ਮਾਰਿਆ ਜਾਵੇ । ਇਸ ਤਰ੍ਹਾਂ ਕਰਨ ਨਾਲ ਹੌਲੀ ਹੌਲੀ ਮਨੁਖੀ ਮਨ ਨਿਰਬਲ ਹੋ ਜਾਂਦਾ ਹੈ ਕਿਉਂਕਿ ਇਸ ਨੂੰ ਸ੍ਰਿਸ਼ਟੀ ਵਿਚ ਪ੍ਰਚਲਤ ਰੋਗਾਂ ਦਾ ਟਾਕਰਾ ਕਰਨ ਦਾ ਅਵਸਰ ਹੀ ਨਹੀਂ ਮਿਲਦਾ। ਉਹ ਮੋਮ ਦੀ ਤਰ੍ਹਾਂ ਹੋ ਜਾਂਦਾ ਹੈ ਕਿ ਜਿੰਨਾ ਚਿਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੀ ਅਗਨੀ ਦੇ ਸੇਕ ਤੋਂ ਦੂਰ ਰਹੇ, ਉਹ ਕਾਇਮ ਹੈ ਪਰ ਜਿਵੇਂ ਹੀ ਇਨ੍ਹਾਂ ਵਿਚੋਂ ਕਿਸੇ ਇਕ ਨੇ ਵੀ ਥੋੜਾ ਜਿਹਾ ਸੇਕ ਲਾ ਦਿਤਾ, ਇਸ ਨੇ ਪਿਘਲ ਕੇ ਆਪਣਾ ਆਪ ਗਵਾ ਲਿਆ । ਪੁਰਾਣੀਆਂ ਮਿਥਿਹਾਸਕ ਕਥਾਵਾਂ ਵਿਚ ਪੜ੍ਹਦੇ ਹਾਂ ਕਿ ਅਮੁਕੇ ਰਿਸ਼ੀ ਦਾ ਸੈਂਕੜੇ ਵਰ੍ਹਿਆਂ ਦਾ ਤਪ ਇਕ ਨਵਯੁਵਤੀ ਦੇ ਰੂਪ, ਸ਼ਿੰਗਾਰ ਤੇ ਨਿਰਤਕਾਰੀ ਨੇ ਮਿੰਟਾਂ ਵਿਚ ਨਸ਼ਟ ਕਰ ਦਿਤਾ । ਕਿਉਂ ? ਇਸ ਲਈ ਕਿ ਉਸ ਦਾ ਮਨ ਇਨ੍ਹਾਂ ਵਾਸ਼ਨਾਵਾਂ ਤੋਂ ਦੂਰ ਰਹਿਣ ਕਰਕੇ ਟਾਕਰੇ ਦੀ-ਸ਼ਕਤੀ ਗਵਾ ਬੈਠਾ ਸੀ ।



www.AKJ.Org

ਚੀਚਕ ਦੀ ਬੀਮਾਰੀ ਦੀ ਰੋਕ ਦਾ ਇਲਾਜ ਅਸੀਂ ਜਾਣਦੇ ਹੀ ਹਾਂ। ਟੀਕੇ ਲਗਾਏ ਜਾਂਦੇ ਹਨ। ਉਨ੍ਹਾਂ ਟੀਕਿਆਂ ਰਾਹੀਂ ਕੀ ਦਿਤਾ ਜਾਂਦਾ ਹੈ ? ਉਸੇ ਚੀਚਕ ਦਾ ਮੂਲ, ਜਿਸ ਤੋਂ ਬਚਾਉਣ ਲਈ ਹੀ ਇਹ ਉਪਰਾਲਾ ਹੈ। ਉਸ ਮੂਲ ਨੂੰ ਸਰੀਰ ਵਿਚ ਦਾਖਲ ਕਰਕੇ ਸਰੀਰ ਵਿਚ ਉਸ ਦਾ ਟਾਕਰਾ ਕਰਨ ਦੀ ਸ਼ਕਤੀ ਭਰੀ ਜਾਂਦੀ ਹੈ। ਇਸ ਵਿਗਿਆਨਕ ਅਸੂਲ ਨੂੰ ਸ੍ਰੀ ਗੁਰੂ ਨਾਨਕ ਸੱਚੇ ਵੈਦ ਤੇ ਵਿਗਿਆਨੀ ਨੇ ਅਜ ਤੋਂ ਲੱਗ ਭਗ ਪੰਜ ਸੌ ਵਰ੍ਹੇ ਪਹਿਲੇ ਅਪਨਾ ਕੇ ਪਰਚਾਰਿਆ ਅਤੇ ਦਸਿਆ ਕਿ ਮਨੁਖ ਮਨ ਦੁਨੀਆਂ ਵਿਚ ਲੋਭ ਤੇ ਵਿਸ਼ੇ ਵਿਕਾਰਾਂ ਆਦਿ ਦੀ ਅਗਨੀ ਤੋਂ ਡਰ ਕੇ ਜੰਗਲਾਂ ਵਿਚ ਉਮਰਾਂ ਬਿਤਾ ਕੇ ਵੀ, ਇਨ੍ਹਾਂ ਦਾ ਟਾਕਰਾ ਕਰਨ ਦੇ ਯੋਗ ਨਹੀਂ ਹੋ ਸਕਦਾ। ਇਸ ਦੇ ਉਲਟ, ਇਸ ਤਰਾਂ ਕਰਨ ਨਾਲ ਸਾਲਾਂ ਦੀ ਕੀਤੀ ਕਮਾਈ ਸਮਾਂ ਆਉਣ ਤੇ ਪਲਾਂ ਵਿਚ ਨਸ਼ਟ ਹੋ ਜਾਂਦੀ ਹੈ।

ਸੋ ਗੁਰੂ ਨਾਨਕ ਜੀ ਨੇ ਸਰਬ ਰੋਗਾਂ ਦਾ ਇਲਾਜ ਦਸਿਆ ਕਿ ਹੇ ਦੁਨੀਆਂ ਦੇ ਲੋਕੋ ! ਪੰਜਾਂ ਤੋਂ ਡਰਕੇ ਜੰਗਲਾਂ ਨੂੰ ਨਾ ਭੱਜੋ। ਇਸ ਦੁਨੀਆਂ ਵਿਚ ਰਹਿ ਕੇ ਆਪਣੇ ਮਨ ਨੂੰ ਇਤਨਾ ਬਲਵਾਨ ਬਣਾਉ ਕਿ ਇਹ ਪੰਜੇ ਵੈਰੀ ਤੁਹਾਡੇ ਮਿਤ੍ਰ ਹੋ ਜਾਣ। ਇਹ ਠੀਕ ਹੈ ਕਿ ਇਹ ਪੰਜੇ ਬੜੇ ਹੀ ਬਲਵਾਨ ਹਨ। ਇਨ੍ਹਾਂ ਅਗੇ ਸਦੀਆਂ ਦੇ ਤੱਪ ਨ ਰਹਿ ਸਕੇ। ਪਰ ਜ਼ਰਾ ਵੀਚਾਰ ਕਰੋ। ਜੇ ਕਿਸੇ ਦਾ ਮਹਾਬਲੀ ਵੈਰੀ, ਉਸਦਾ ਮਿਤ੍ਰ ਬਣ ਜਾਵੇ ਤਾਂ ਉਸ ਦੀ ਸ਼ਕਤੀ ਵਿੱਚ ਕਿੰਨਾ ਵਾਧਾ ਹੋ ਜਾਂਦਾ ਹੈ। ਇਸ ਲਈ ਇਨ੍ਹਾਂ ਬਲਵਾਨ ਵੈਰੀਆਂ ਨੂੰ ਆਪਣੇ ਅਧੀਨ ਕਰੋ। ਆਪਣੇ ਮਨ ਨੂੰ "ਨਾਮ ਸਿਮਰਣ" ਦੀ ਸ਼ਕਤੀ ਨਾਲ ਮਜ਼ਬੂਤ ਜੋਧਾ ਬਣਾ ਕੇ ਇਨ੍ਹਾਂ ਤੇ ਜਿਤ ਪ੍ਰਾਪਤ ਕਰੋ। ਫੇਰ ਇਹ ਹੋਵੇਗਾ ਕਿ:–

"ਜੋਇ ਦੂਤ ਮੋਹਿ ਬਹੁਤੁ ਸੰਤਾਵਤ, ਤੇ ਭਇਆਨਕ ਭਇਆ ॥
ਕਰਹਿ ਬੇਨਤੀ ਰਾਖੁ ਠਾਕੁਰ ਤੇ ਹਮ ਤੇਰੀ ਸਰਨਇਆ ॥"

ਕਾਮਾਦਿਕ ਪੰਜੇ ਬਲੀ ਸਾਰੀ ਸ੍ਰਿਸ਼ਟੀ ਲਈ ਭਾਵੇਂ ਭਾਰੂ ਹੋਣ ਪਰ ਨਾਮ ਜਪਣਹਾਰੇ, ਰਾਮ ਭਗਤ ਦੇ ਤਾਂ ਉਹ ਪਾਣੀ ਹਾਰ ਭਾਵ ਸੇਵਕ ਹੋ ਜਾਂਦੇ ਹਨ--

"ਸਗਲ ਸ੍ਰਿਸਟਿ ਕੇ ਪੰਚ ਸਿਕਦਾਰ ॥
ਰਾਮ ਭਗਤ ਕੇ ਪਾਨੀਹਾਰ ॥"

ਸੋ ਦੁਨੀਆਂ ਦੇ ਕਾਰਜ ਕਰਦਿਆਂ ਹੋਇਆਂ, ਗ੍ਰਿਹਸਤ ਵਿਚ ਵਿਚਰਦਿਆਂ ਹੋਇਆਂ, ਇਨ੍ਹਾਂ ਪੰਜਾਂ ਨੂੰ ਆਪਣੇ ਅਧੀਨ ਕਰਕੇ ਇਨ੍ਹਾਂ ਤੋਂ ਯੋਗ ਸੇਵਾ ਲੈਂਦਿਆਂ ਹੋਇਆਂ, ਆਪਣਾ ਮਨ ਉਨ ਮਨਿ ਰਖੋ। ਉਸ ਨੂੰ ਇਨ੍ਹਾਂ ਵਿਚ ਖਚਤ ਨਾ ਕਰੋ। ਇਹ ਹੈ ਸੁਨੇਹਾ ਉਸ ਸਚੇ ਵੈਦ ਗੁਰੂ ਨਾਨਕ ਦਾ। ਇਸੇ ਲਈ ਆਮ ਕਿਹਾ ਜਾਂਦਾ ਹੈ– ਆ ਗਿਆ ਬਾਬਾ ਵੈਦ ਰੋਗੀਆਂ ਦਾ।

----



www.AKJ.Org

# ਵੈਸਾਖੀ

(ਭਾਈ ਰਣਜੀਤ ਸਿੰਘ ਜੀ)

ਸੰਮਤ ੧੭੫੬ ਦੀ ਵੈਸਾਖੀ, ੩੦ ਮਾਰਚ ਸੰਨ ੧੬੯੯ ਦਾ ਦਿਹਾੜਾ ਸਿਖ ਇਤਿਹਾਸ ਵਿਚ ਇਕ ਖਾਸ ਮਹੱਤਤਾ ਰਖਦਾ ਹੈ। ਇਸ ਸ਼ੁਭ ਦਿਹਾੜੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਦੇ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ। ਇਸ ਲਈ ਇਹ ਦਿਨ ਖਾਲਸੇ ਦਾ ਜਨਮ ਦਿਨ ਹੈ। ਇਸ ਦਿਹਾੜੇ ਅੰਮ੍ਰਿਤ ਦੀ ਦਾਤ ਦੇਣ ਤੋਂ ਪਹਿਲੇ ਹਰ ਇਕ ਸਿਖ ਪਾਸੋਂ ਕੁਝ ਪ੍ਰਣ ਲਏ ਗਏ।

(੧) ਕਿ ਮੈਂ ਕਿਸੇ ਕਿਸਮ ਦਾ ਜ਼ਾਤ ਪਾਤ ਦਾ ਫ਼ਰਕ ਨਹੀਂ ਸਮਝਾਂਗਾ। ਸਹੀ ਮੈਹਨਿਆਂ ਵਿਚ ੧ ੴ ਦਾ ਉਪਾਸ਼ਕ ਹੋਵਾਂਗਾ। ਕਿਸੇ ਕਿਸਮ ਦਾ ਕਿਸੇ ਨਾਲ ਵਿਤਕਰਾ ਨਹੀਂ ਕਰਾਂਗਾ। ਮੇਰੇ ਅੰਦਰ 'ਏਕ ਪਿਤਾ ਏਕਸ ਕੇ ਹਮ ਬਾਰਕ' ਦੀ ਧੁਨੀ ਸਮਾਈ ਹੋਵੇਗੀ। ਖਾਲਸਾ ਪੰਥ ਦੇ ਸਭ ਪੰਥੀ ਮੇਰੇ ਭਰਾ ਹੋਣਗੇ। ਮੇਰਾ ਪਿਤਾ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਕੌਰ ਹੋਵੇਗੀ।

(੨) ਅਨੰਦ ਪੁਰੀ ਦਾ ਵਾਸੀ ਹੋਵਾਂਗਾ। ਅਨੰਦ ਪੁਰੀ ਦਾ ਵਾਸੀ ਹੋਣ ਕਰਕੇ ਸਦਾ ਖਿੜਿਆ ਰਹਾਂਗਾ। ਮੇਰਾ ਚਿਹਰਾ ਸਦਾ ਖੁਸ਼ੀ ਵਿਚ ਦਗਦਾ ਰਹੇਗਾ, ਕਦੇ ਵੀ ਇਸ ਤੋਂ ਨਿਰਾਸ਼ਤਾ ਦੇ ਸਾਕਾਰ ਨਜ਼ਰ ਨਹੀਂ ਆਉਣਗੇ। 'ਸਦ ਖੁਸ਼ੀਆਂ ਸਦ ਚਾਓ' ਵਾਲਾ ਜੀਵਨ ਬਤੀਤ ਕਰਾਂਗਾ।

(੩) ਕੇਸ ਕਤਲ ਨਹੀਂ ਕਰਾਵਾਂਗਾ, ਸਾਬਤ ਸੂਰਤ ਨੂੰ ਕਾਇਮ ਰਖਾਂਗਾ, ਦਸਤਾਰ ਸਜਾਵਾਂਗਾ।

(੪) ਪਰ ਇਸਤ੍ਰੀ ਗਾਮੀ ਨਹੀਂ ਹੋਵਾਂਗਾ, ਜਤ ਸਤ ਨੂੰ ਕਾਇਮ ਰਖਾਂਗਾ, ਦੇਖ ਪਰਾਈਆਂ ਚੰਗੀਆਂ ਮਾਵਾਂ, ਭੈਣਾਂ, ਧੀਆਂ ਸਮਝਾਂਗਾ।

(੫) ਤੰਬਾਕੂ ਨਹੀਂ ਪੀਵਾਂਗਾ, ਇਸ ਪ੍ਰਕਾਰ ਦੀ ਹੋਰ ਕਿਸੇ ਕਿਸਮ ਦੀ ਨਸ਼ੀਲੀ ਚੀਜ਼ ਨਹੀਂ ਖਾਵਾਂ ਪੀਵਾਂਗਾ, ਜਿਸ ਨਾਲ ਸਿਹਤ ਉਪਰ ਅਸਰ



www.AKJ.Org

ਪੈਂਦਾ ਹੋਵੇ ਤੇ ਸਮਾਜ ਵਿਚ ਕਦਰ ਘਟਦੀ ਹੋਵੇ।

(੬) ਪੰਜ ਕਕਾਰਾਂ ਦਾ ਧਾਰਨੀ ਹੋਵਾਂਗਾ ਅਤੇ ਕਦੇ ਵੀ ਇਨ੍ਹਾਂ ਦੀ ਮਹੱਤਤਾ ਨੂੰ ਘਟਣ ਨਹੀਂ ਦੇਵਾਂਗਾ, ਜੋ ਇਹ ਉਪਦੇਸ਼ ਦਿੰਦੇ ਹਨ ਉਨ੍ਹਾਂ ਉਪਰ ਚਲਣ ਦੀ ਕੋਸ਼ਸ਼ ਕਰਾਂਗਾ। ਬਾਹਰਲੀ ਤੇ ਅੰਦਰਲੀ ਰਹਿਣੀ-ਬਹਿਣੀ ਵਿਚ ਕਿਸੇ ਪ੍ਰਕਾਰ ਦਾ ਵੀ ਫਰਕ ਨਹੀਂ ਪੈਣ ਦੇਵਾਂਗਾ।

(੭) ਨਿਤਨੇਮ ਵਿਚ ਪੂਰਾ ਉਤਰਾਂਗਾ। ਘਟੋ ਘਟ ਪੰਜਾਂ ਬਾਣੀਆਂ ਦਾ ਪਾਠ ਹਰ ਰੋਜ਼ ਕਰਾਂਗਾ। ਹਰ ਰੋਜ਼ ਅੰਮ੍ਰਿਤ ਵੇਲੇ ਉਠਾਂਗਾ, ਇਸ਼ਨਾਨ ਕਰਾਂਗਾ ਤੇ ਸੰਗਤ ਵਿਚ ਜਾਵਾਂਗਾ।

ਇਹ ਕੁਝ ਕੁ ਪ੍ਰਣ ਸਨ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਣ ਵਾਲਿਆਂ ਤੋਂ ਲਏ।

ਹੁਣ ਸਵਾਲ ਇਸ ਗਲ ਦਾ ਪੈਦਾ ਹੁੰਦਾ ਹੈ ਕਿ ਇਹ ਪ੍ਰਣ ਕਿਉਂ ਲਏ ਗਏ ? ਪ੍ਰਣ ਲਏ ਗਏ ਅਣਖ ਤੇ ਗ਼ੈਰਤ ਦਾ ਜੀਵਨ ਜੀਉਣ ਵਾਸਤੇ, ਪ੍ਰਣ ਲਏ ਗਏ ਗੁਰੂ ਨਾਨਕ ਦੇਵ ਜੀ ਦੇ ਮਿਥੇ ਆਦਰਸ਼ਾਂ ਦੀ ਪੂਰਤੀ ਵਾਸਤੇ।

ਅਸਾਂ ਇਸ ਲੇਖ ਵਿਚ ਇਹ ਵੀਚਾਰ ਕਰਨੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਾਹਮਣੇ ਭਾਰਤ ਵਾਸੀਆਂ ਨੂੰ ਅਣਖ ਤੇ ਗ਼ੈਰਤ ਦੇਣ ਦਾ ਨਿਸ਼ਾਨਾ ਕਿਸ ਤਰ੍ਹਾਂ ਰਖਿਆ ਤੇ ਬਾਕੀ ਗੁਰੂ ਸਾਹਿਬਾਨ ਨੇ ਇਸ ਨਿਸ਼ਾਨੇ ਦੀ ਪੂਰਤੀ ਲਈ ਕੀ ਕੀ ਹਿਸਾ ਪਾਇਆ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੈਸਾਖੀ ਵਾਲੇ ਦਿਨ ਅੰਮ੍ਰਿਤ ਦੀ ਦਾਤ ਬਖਸ਼ ਕੇ ਇਸ ਨਿਸ਼ਾਨੇ ਨੂੰ ਕਿਸ ਤਰ੍ਹਾਂ ਅੰਤਮ ਰੂਪ ਦਿਤਾ ?

ਸਭ ਤੋਂ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਇਹ ਆਵਾਜ਼ ਬਲੰਦ ਕੀਤੀ ਕਿ ਇਨਸਾਨ ਨੂੰ ਅਣਖ ਤੇ ਗ਼ੈਰਤ ਨਾਲ ਜੀਵਣਾ ਚਾਹੀਦਾ ਹੈ, ਇਜ਼ਤ ਨਾਲ ਜੀਵਣਾ ਚਾਹੀਦਾ ਹੈ। ਜਿਸ ਦੀ ਇਜ਼ਤ ਹੀ ਨਹੀਂ, ਸਮਝੋ ਉਸ ਇਨਸਾਨ ਦਾ ਜੀਣਾ ਧ੍ਰਿਗ ਹੈ, ਉਸ ਦਾ ਖਾਣਾ ਪੀਣਾ ਫ਼ਜ਼ੂਲ ਹੈ। ਇਸ ਪ੍ਰਥਾਏ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :-

"ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥"

(ਵਾਰ ਮਾਝ ਸਲੋਕ ਮ: ੧)

ਫਿਰ ਗੁਰੂ ਨਾਨਕ ਦੇਵ ਜੀ ਉਨ੍ਹਾਂ ਲੋਕਾਂ ਨੂੰ ਲਾਹਨਤ ਪਾਉਂਦੇ ਹਨ ਜੋ ਅਣਖ ਤੇ ਗ਼ੈਰਤ ਦਾ ਜੀਵਨ ਛਡਕੇ ਆਪਣੇ ਆਪ ਨੂੰ ਮੀਆਂ ਜੀ, ਮੀਤ ਜੀ,



www.AKJ.Org

ਸਦਾਉਣ ਲਗ ਪਏ ਸਨ ਤੇ ਗ਼ੈਰ ਬੋਲੀ ਨੂੰ ਅਪਣਾਇਆ ਸੀ । ਗੁਰੂ ਨਾਨਕ ਦੇਵ ਜੀ ਬਸੰਤੁ ਰਾਗ ਵਿਚ ਫੁਰਮਾਉਂਦੇ ਹਨ :–

"ਘਰਿ ਘਰਿ ਮੀਆਂ ਸਭਨਾ ਜੀਆ ਬੋਲੀ ਅਵਰ ਤੁਮਾਰੀ ॥"

(ਬਸੰਤੁ ਹਿੰਡੋਲ ਮ: ੧)

ਐਥੇ ਹੀ ਬਸ ਨਹੀਂ ਲੋਕ ਅਣਖ ਤੇ ਗ਼ੈਰਤ ਦਾ ਜੀਵਨ ਛਡ ਕੇ, ਅੰਦਰੋ ਅੰਦਰੀਂ ਲੁਕ ਲੁਕ ਕੇ ਪੂਜਾ ਪਾਠ ਕਰਦੇ ਸਨ ਤੇ ਬਾਹਰ ਮੁਸਲਮਾਨ ਹਾਕਮਾਂ ਨੂੰ ਵਿਖਾਉਣ ਵਾਸਤੇ ਕੁਰਾਨ ਪੜਦੇ ਸਨ । ਅਤੇ ਆਪ ਤੁਰਕੀ ਫੈਸ਼ਨ, ਤੁਰਕੀ ਲਿਬਾਸ, ਤੁਰਕੀ ਖਾਣਾ ਤੇ ਹੋਰ ਰਹਿਣੀ ਬਹਿਣੀ ਅਖਤਿਆਰ ਕਰ ਚੁਕੇ ਸਨ ।

ਗੁਰੂ ਨਾਨਕ ਦੇਵ ਜੀ ਵਾਰ ਆਸਾ ਵਿਚ ਫੁਰਮਾਉਂਦੇ ਹਨ :–

"ਅੰਤਰਿ ਪੂਜਾ ਪੜਹਿ ਕਤੇਬਾ,
ਸੰਜਮੁ ਤੁਰਕਾ ਭਾਈ ॥"

ਸੋ ਇਹ ਗਿਰਾਵਟਾਂ ਕਦੋਂ ਆਈਆਂ ਜਦੋਂ ਲੋਕ ਅਣਖ ਤੇ ਗ਼ੈਰਤ ਦੇ ਜੀਵਨ ਨੂੰ ਪਿਆਰ ਕਰਨੋਂ ਹਟ ਗਏ ਤੇ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਵਿਚ ਜਕੜੇ ਗਏ । ਗੁਰੂ ਨਾਨਕ ਦੇਵ ਜੀ ਨੇ ਭਾਰਤ ਵਾਸੀਆਂ ਨੂੰ ਅਣਖ ਤੇ ਗ਼ੈਰਤ ਦਾ ਜੀਵਨ ਦੇਣ ਵਾਸਤੇ ਤੇ ਗ਼ੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜਨ ਵਾਸਤੇ ਇਹ ਨਾਹਰਾ ਬਲੰਦ ਕੀਤਾ :–

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥ ੨ ॥

(ਸਲੋਕ ਵਾਰਾਂ ਤੇ ਵਧੀਕ ਮ: ੧]

ਭਾਵ ਜੇ ਤੁਸੀਂ ਅਸੂਲਾਂ ਨੂੰ ਪ੍ਰੇਮ ਕਰਨਾ ਚਾਹੁੰਦੇ ਹੋ, ਜੇ ਤੁਸੀਂ ਅਣਖ ਤੇ ਗ਼ੈਰਤ ਦਾ ਜੀਵਨ ਬਤੀਤ ਕਰਨਾ ਚਾਹੁੰਦੇ ਹੋ ਤਾਂ ਸਿਰਫ਼ ਇਕੋ ਹੀ ਰਸਤਾ ਹੈ ਕਿ ਆਪਣੀ ਜਾਨ ਦੀ ਪ੍ਰਵਾਹ ਨ ਕੀਤੀ ਜਾਵੇ, ਆਪਣੇ ਸੀਸ ਨੂੰ ਤਲੀ ਉਪਰ ਧਰਿਆ ਜਾਵੇ । ਅਤੇ ਆਪਣੀ ਮੰਜ਼ਲ ਵਲ ਇਸ ਤਰ੍ਹਾਂ ਵਧਿਆ ਜਾਵੇ ਕਿ



www.AKJ.Org

ਭਾਵੇਂ ਸਿਰ ਚਲਿਆ ਜਾਵੇ ਪਰ ਕਿਸੇ ਅਗੇ ਝੁਕਣਾ ਨਹੀਂ ਚਾਹੀਦਾ, ਪਿਛੇ ਨਹੀਂ ਹਟਣਾ ਚਾਹੀਦਾ ਸਗੋਂ ਆਪਣੇ ਆਦਰਸ਼ਾਂ ਵਲ ਵਧਦੇ ਚਲੇ ਜਾਣਾ ਚਾਹੀਦਾ ਹੈ।

ਗੁਰੂ ਅਮਰਦਾਸ ਜੀ ਅਨੰਦ ਸਾਹਿਬ ਵਿਚ ਫੁਰਮਾਉਂਦੇ ਹਨ :-

"ਭਗਤਾ ਕੀ ਚਾਲ ਨਿਰਾਲੀ ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥ ੧੪ ॥

ਗੁਰੂ ਅਮਰਦਾਸ ਜੀ ਇਸ ਪਉੜੀ ਵਿਚ ਫੁਰਮਾਉਂਦੇ ਹਨ-ਕਿ ਭਗਤਾਂ ਦੀ ਚਾਲ ਨਿਰਾਲੀ ਹੈ, ਭਗਤ ਨਿਰਾਲੀ ਚਾਲ ਚਲਦੇ ਹਨ। ਉਹ ਅਣਖ ਤੇ ਗ਼ੈਰਤ ਦਾ ਜੀਵਨ ਬਤੀਤ ਕਰਦੇ ਹਨ ਪਰ ਇਹ ਰਸਤਾ ਬੜਾ ਕਠਨ ਹੈ, ਖੰਨਿਅਹੁ ਤਿਖਾ ਤੇ ਵਾਲਹੁ ਨਿਕਾ ਹੈ। ਇਸ ਪਉੜੀ ਵਿਚ ਗੁਰੂ ਜੀ ਸੰਕੇਤ ਦਿੰਦੇ ਹਨ ਕਿ ਭਗਤੀ ਤੇ ਸ਼ਕਤੀ ਇਕੱਠਿਆਂ ਕਰਨ ਨਾਲ ਅਣਖ ਤੇ ਗ਼ੈਰਤ ਆ ਸਕਦੀ ਹੈ।

ਗੁਰੂ ਅਰਜਨ ਦੇਵ ਜੀ ਵੀ ਸਾਨੂੰ ਸਮਝਾਉਂਦੇ ਹਨ ਕਿ ਅਣਖ ਤੇ ਗ਼ੈਰਤ ਦਾ ਜੀਵਨ ਮਿਲ ਸਕਦਾ ਹੈ ਪਰ ਪਹਿਲੇ ਆਪਣੀ ਜਾਨ ਤਲੀ ਤੇ ਧਰਨੀ ਪੈਂਦੀ ਹੈ, ਸਭਨਾਂ ਦੀ ਖਾਕ ਬਣਨਾ ਪੈਂਦਾ ਹੈ। ਉਹ ਫੁਰਮਾਉਂਦੇ ਹਨ :-

"ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥
(ਮਾਰੂ ਮ: ੫)

ਗੁਰੂ ਤੇਗ ਬਹਾਦਰ ਜੀ ਫੁਰਮਾਉਂਦੇ ਹਨ :-

ਭੈ ਕਾਹੂ ਕਉ ਦੇਤ ਨਹਿ,
ਨਹਿ ਭੈ ਮਾਨਤ ਆਨਿ ॥
ਕਹੁ ਨਾਨਕ ਸੁਨੁ ਰੇ ਮਨਾ,
ਗਿਆਨੀ ਤਾਹਿ ਬਖਾਨਿ ॥੧੬॥


www.AKJ.Org

ਗਿਆਨੀ ਉਹ ਹੈ ਜੋ ਨਾ ਕਿਸੇ ਨੂੰ ਭੈ ਥਲੇ ਰਖਦਾ ਹੈ ਤੇ ਨਾ ਆਪ ਕਿਸੇ ਦੇ ਭੈ ਥਲੇ ਰਹਿੰਦਾ ਹੈ। ਉਹ ਆਪ ਅਣਖ ਤੇ ਗ਼ੈਰਤ ਨਾਲ ਜਿਉਂਦਾ ਹੈ ਤੇ ਦੂਜਿਆਂ ਨੂੰ ਜਿਉਣ ਦਿੰਦਾ ਹੈ।

ਫਿਰ ਗੁਰੂ ਤੇਗ ਬਹਾਦਰ ਜੀ ਸਪਸ਼ਟ ਕਰਦੇ ਹਨ ਕਿ ਅਣਖ ਤੇ ਗ਼ੈਰਤ ਨਾਲ ਤਦ ਜੀਣਾ ਸੰਭਵ ਹੈ ਜੇ ਇਨਸਾਨ ਦੇ ਆਪਣਿਆਂ ਡੋਲਿਆਂ ਵਿਚ ਤਾਕਤ ਹੋਵੇ।

"ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥"
(ਸਲੋਕ ਮਹਲਾ ੯)

ਕਬੀਰ ਜੀ ਫੁਰਮਾਉਂਦੇ ਹਨ :-
"ਸੰਤਾਂ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ।"
(ਰਾਗੁ ਰਾਮਕਲੀ ਕਬੀਰ ਜੀ)

ਫਿਰ ਫੁਰਮਾਉਂਦੇ ਹਨ :-

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਡਿਓ ਸੂਰਮਾ ਅਬ ਜੂਝਨ ਕੋ ਦਾਉ ॥ ੧ ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੧॥੨॥"
(ਸਲੋਕ ਕਬੀਰ ਜੀ ਮਾਰੂ]

ਸੋ ਆਪਣੇ ਦੀਨ ਦੀ ਖਾਤਰ, ਆਪਣੀ ਅਣਖ ਤੇ ਗ਼ੈਰਤ ਦੀ ਖਾਤਰ ਲੜਨਾ ਹੈ ਤੇ ਲੜਦੇ ਰਹਿਣਾ ਹੈ ਭਾਵੇਂ ਉਹ ਟੋਟੇ ਟੋਟੇ ਕਟਿਆ ਜਾਵੇ, ਆਪਣੇ ਮੰਤਵ ਤੋਂ ਪਿਛੇ ਨਹੀਂ ਹਟਣਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ :-

"ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸ਼ਟ ਸਭਿਨ ਕੋ ਮੂਲ ਉਪਾਰਨ ॥"



www.AKJ.Org

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਸੰਸਾਰ ਵਿਚ ਆਉਣ ਦਾ ਕਾਰਨ ਦਸਦੇ ਹਨ। ਉਹ ਕਹਿੰਦੇ ਹਨ ਕਿ ਉਹ ਤਾਂ ਸਿਰਫ ਧਰਮ ਚਲਾਵਨ ਵਾਸਤੇ ਆਏ ਹਨ। ਉਨ੍ਹਾਂ ਧਰਮੀਆਂ ਨੂੰ ਉਬਾਰਨਾ ਤੇ ਦੁਸ਼ਟਾਂ ਦੀਆਂ ਜੜ੍ਹਾਂ ਉਖੇੜਨੀਆਂ ਹਨ।

ਸੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਚਲਾਵਨ ਵਾਸਤੇ, ਅਣਖ ਤੇ ਗ਼ੈਰਤ ਦੇਣ ਵਾਸਤੇ ਤੇ ਗੁਰੂ ਨਾਨਕ ਦੇਵ ਜੀ ਦੇ ਆਦਰਸ਼ਾਂ ਨੂੰ ਅੰਤਮ ਰੂਪ ਦੇਣ ਵਾਸਤੇ ਖਾਲਸਾ ਪੰਥ ਦੀ ਸਾਜਨਾ ਲਈ ਵੈਸਾਖੀ ਦਾ ਦਿਹਾੜਾ ਨੀਯਤ ਕੀਤਾ।

ਇਸ ਦਿਹਾੜੇ 'ਅੰਤਰਿ ਪੂਜਾ ਪੜਹਿ ਕਤੇਬਾ' ਦੀ ਥਾਂ ਅੰਮ੍ਰਿਤ ਦੀ ਦਾਤ ਬਖਸ਼ਕੇ ਖੁਲਮ-ਖੁਲਾ ਲੋਕਾਂ ਵਿਚ ਦਸਾਂ ਪਾਤਿਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ, ਦੀਦਾਰੇ ਕਰਾਏ ਗਏ।

ਘਰਿ ਘਰਿ ਮੀਆਂ ਦੀ ਥਾਂ ਸਿੰਘ (ਸ਼ੇਰ) ਪੈਦਾ ਕੀਤੇ ਗਏ।

ਅਵਰ ਬੋਲੀ ਦੀ ਥਾਂ ਆਪਣੀ ਮਾਤ ਬੋਲੀ ਪੰਜਾਬੀ ਨੂੰ ਮਹੱਤਤਾ ਦਿਤੀ ਗਈ।

ਗੁਰ-ਮੰਤਰ ਵਾਹਿਗੁਰੂ ਤੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ਦਾ ਜੈਕਾਰਾ ਦਿਤਾ ਗਿਆ।

ਸੋ ਵੈਸਾਖੀ ਵਾਲੇ ਦਿਨ ਖੋਈ ਹੋਈ ਅਣਖ ਤੇ ਗ਼ੈਰਤ ਮੁੜ ਸੁਰਜੀਤ ਕੀਤੀ ਗਈ। ਭਾਵੇਂ ਵੈਸਾਖੀ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਹੀ ਅਰੰਭ ਹੋ ਗਈ ਸੀ ਪਰ ਇਸ ਸਾਲ, ਸੰਮਤ ੧੭੫੬ ਦੀ ਵੈਸਾਖੀ ਖਾਸ ਮਹੱਤਤਾ ਰਖਦੀ ਹੈ। ਅਜ ਵੈਸਾਖੀ ਥਾਂ ਥਾਂ ਮਨਾਈ ਜਾ ਰਹੀ ਹੈ। ਉਹ ਲੋਕ ਅਜੇ ਵੀ ਅਭਾਗੇ ਹਨ ਜੋ ਇਸ ਤੋਂ ਪੂਰਾ ਪੂਰਾ ਫਾਇਦਾ ਨਹੀਂ ਉਠਾਉਂਦੇ, ਅੰਮ੍ਰਿਤ-ਪਾਨ ਕਰਕੇ ਗੁਰੂ ਵਾਲੇ ਨਹੀਂ ਬਣਦੇ। ਉਨ੍ਹਾਂ ਨੂੰ ਇਸ ਸਾਲ ਦਾ ਅਵਸਰ ਹਥੋਂ ਨਹੀਂ ਗਵਾਉਣਾ ਚਾਹੀਦਾ। ਉਨ੍ਹਾਂ ਨੂੰ ਅੰਮ੍ਰਿਤ-ਪਾਨ ਕਰਨਾ ਚਾਹੀਦਾ ਹੈ। ਇਹ ਸਾਲ ਅਤਿ ਸੁਭਾਗਾ ਹੈ ਕਿਉਂਕਿ ਇਸ ਸਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿਤ੍ਰ ਸਸ਼ਤਰ ਆਏ ਹਨ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਆਏ ਹਨ।

*
* *



www.AKJ.Org

# "ਸੋ ਦਰੁ" ਜਪੁਜੀ ਤੇ ਰਹਿਰਾਸ ਸਾਹਿਬ ਵਿਚ

(ਭਾਈ ਸਾਹਿਬ ਸੇਵਾ ਸਿੰਘ ਜੀ)

*

ਹਰ ਅੰਮ੍ਰਿਤਧਾਰੀ ਨੂੰ ਰੋਜ਼ਾਨਾ ਪੰਜਾਂ ਬਾਣੀਆਂ ਦੇ ਨਿਤਨੇਮ ਕਰਨ ਦਾ ਪੰਜਾਂ ਪਿਆਰਿਆਂ ਵਲੋਂ ਤਾਕੀਦੀ ਹੁਕਮ ਹੈ । ਹਰੇਕ ਸਿਖ ਨਿਤ ਸਵੇਰੇ ਸ਼ਾਮ ਜਪੁ ਜੀ ਤੇ ਰਹਿਰਾਸ ਸਾਹਿਬ ਦੇ ਪਾਠ ਕਰਦਾ ਹੈ । ਅੰਮ੍ਰਿਤਧਾਰੀ ਸਿੰਘ-ਸਿੰਘਣੀਆਂ ਤੋਂ ਬਿਨਾਂ, ਗੁਰਬਾਣੀ ਨਾਲ ਪ੍ਰੇਮ ਕਰਨ ਵਾਲੇ ਸਹਿਜਧਾਰੀ ਪ੍ਰੇਮੀ ਵੀ ਇਨ੍ਹਾਂ ਦੋਹਾਂ ਬਾਣੀਆਂ ਦੇ ਪਾਠ ਨਿਤ ਕਰਦੇ ਹਨ, ਅਤੇ ਬਹੁਤਿਆਂ ਨੂੰ ਇਹ ਬਾਣੀਆਂ ਕੰਠ ਵੀ ਹਨ ।

ਜਪੁ ਜੀ ਅਤੇ ਰਹਿਰਾਸ ਸਾਹਿਬ ਦੋਹਾਂ ਬਾਣੀਆਂ ਵਿਚ 'ਸੋ ਦਰੁ' ਦੀ ਪਉੜੀ ਆਉਂਦੀ ਹੈ । ਅਸੀਂ ਵੇਖਦੇ ਹਾਂ ਕਿ ਦੋਹੀਂ ਥਾਈਂ ਇਸ ਪਉੜੀ ਦੇ ਪਾਠਾਂ ਵਿਚ ਕੁਝ ਕੁਝ ਫ਼ਰਕ ਹਨ । ਜਪੁ ਜੀ ਦੇ ਪਾਠ ਵਿਚ ਲਫ਼ਜ਼ਾਂ ਨੂੰ ਸੰਕੋਚਵਾਂ ਵਰਤਿਆ ਹੋਇਆ ਹੈ, ਪਰ ਰਹਿਰਾਸ ਸਾਹਿਬ ਵਿਚ ਜਾ ਕੇ ਕੁਝ ਵਿਸਥਾਰ ਨਾਲ; ਜਿਹਾ ਕਿ ਰਹਿਰਾਸ ਵਿਚ 'ਤੇਰੇ', 'ਤੁਧ ਨੋ' ਆਦਿ ਸ਼ਬਦ ਕਈ ਤੁਕਾਂ ਵਿਚ ਜਪੁ ਜੀ ਵਾਲੀ ਪਉੜੀ ਨਾਲੋਂ ਵਧ ਸ਼ਾਮਲ ਕੀਤੇ ਹੋਏ ਹਨ ।

ਅਸੀਂ ਆਮ ਤੌਰ ਤੇ ਦੋਹਾਂ ਬਾਣੀਆਂ ਦੇ ਪਾਠ ਕਰਦਿਆਂ ਇਸ ਪਉੜੀ ਵਿਚ ਕਿਤੇ 'ਗਾਵਹਿ' ਅਤੇ ਕਿਤੇ 'ਗਾਵਨਿ' ਪੜ੍ਹਦੇ ਹਾਂ, ਪਰ ਪੂਰੇ ਧਿਆਨ ਨਾਲ ਨਾ ਵੇਖਣ ਕਾਰਨ ਇਹ ਪਤਾ ਨਹੀਂ ਰਹਿੰਦਾ ਕਿ ਕਿਹੜੀ ਥਾਂ 'ਗਾਵਹਿ' ਹੈ ਅਤੇ ਕਿਹੜੀ ਥਾਂ 'ਗਾਵਨਿ' । ਜਪੁ ਜੀ ਸਾਹਿਬ ਵਿਚਲੀ ਪਉੜੀ ਵਿਚ ੧੧ ਵਾਰ 'ਗਾਵਹਿ' ਪਾਠ ਹੈ ਅਤੇ ੫ ਵਾਰ 'ਗਾਵਨਿ' । ਪਰ ਰਹਿਰਾਸ ਸਾਹਿਬ ਵਿਚ ਸਭ ਥਾਈਂ ਪਾਠ 'ਗਾਵਨਿ' ਹੀ ਮਿਲਦਾ ਹੈ । ਇਕ ਤੁਕ ਵਿਚ 'ਗਾਵੈ' ਪਾਠ ਹੈ, ਜੋ ਦੋਹਾਂ ਪਾਸੇ ਹੀ 'ਗਾਵੈ' ਹੈ । 'ਗਾਵਹਿ' ਤੇ 'ਗਾਵਨਿ' ਤੋਂ ਬਿਨਾਂ ਹੋਰ ਵੀ ਕਿੰਨੇ ਸਾਰੇ ਫ਼ਰਕ ਹਨ, ਜਿਨ੍ਹਾਂ ਵਲ ਧਿਆਨ ਦੇਣ ਦੀ ਲੋੜ ਹੈ ।



www.AKJ.Org

ਦੋਹਾਂ ਪਾਸਿਆਂ ਵਿਚ ਪਾਤਿ ਸਾਹਿਬ – ਪਤਿ ਸਾਹਿਬ; ਜਿਵ–ਜਿਉ; ਸੁਰਗਾ–ਸੁਰਗ; ਇੰਦ ਇੰਦਾਸਣਿ–ਇੰਦ੍ਰ ਇੰਦ੍ਰਾਸਣਿ; ਬਰਮਾ–ਬ੍ਰਹਮਾ; ਵਰਭੰਡਾ–ਬ੍ਰਹਮੰਡਾ; ਜਾਣਹਿ–ਜਾਣਨਿ; ਕਹੀਅਨਿ–ਕਹੀਅਹਿ; ਵੀਚਾਰੇ–ਬੀਚਾਰੇ; ਪਉਣੁ--ਪਵਣੁ ਆਦਿ ਪਾਠਾਂ ਦੇ ੪੯ ਫ਼ਰਕ ਹਨ। ਇਹ ਫ਼ਰਕ ਹੇਠਾਂ ਦਿਤੇ ਜਾਂਦੇ ਹਨ, ਤਾਕਿ ਦੋਹਾਂ ਬਾਣੀਆਂ ਦੇ ਪਾਠ ਕਰਨ ਵੇਲੇ ਇਸ ਪਉੜੀ ਵਿਚ ਜੋ ਕੋਈ ਭੁਲਾਂ ਅਸੀਂ ਕਰਦੇ ਹਾਂ ਤਾਂ ਉਨ੍ਹਾਂ ਨੂੰ ਸੋਧ ਲਈਏ।

| ਜਪੁ ਜੀ ਵਿਚ | ਰਹਿਰਾਸ ਸਾਹਿਬ ਵਿਚ |
|---|---|
| ੧. ਸੋ ਦਰੁ ਕੇਹਾ | ਸੋ ਦਰੁ 'ਤੇਰਾ' ਕੇਹਾ |
| ੨. ਵਾਜੇ ਨਾਦ ਅਨੇਕ ਅਸੰਖਾ... | ਵਾਜੇ 'ਤੇਰੇ' ਨਾਦ ਅਨੇਕ ਅਸੰਖਾ |
| ੩. ...ਕੇਤੇ ਵਾਵਣਹਰੇ। | ...ਕੇਤੇ 'ਤੇਰੇ' ਵਾਵਣਹਾਰੇ। |
| ੪. ਕੇਤੇ ਰਾਗ ਪਰੀ... | ਕੇਤੇ 'ਤੇਰੇ' ਰਾਗ ਪਰੀ... |
| ੫. ...ਸਿਉ 'ਕਹੀਅਨਿ' | ...ਸਿਉ 'ਕਹੀਅਹਿ' |
| ੬-੮. 'ਗਾਵਹਿ' 'ਤੁਹ ਨੋ' 'ਪਉਣ'... ...ਪਾਣੀ ਬੈਸੰਤਰੁ 'ਗਾਵੈ' | 'ਗਾਵਨਿ' ਤੁਧਨੋ' 'ਪਵਣੁ'... (ਦੋਹਾਂ ਪਾਸੇ 'ਗਾਵੈ' ਹੈ।) |
| ੯-੧੦. 'ਗਾਵਹਿ' ਚਿਤੁ ਗੁਪਤੁ... | 'ਗਾਵਨਿ' ਤੁਧ ਨੋ' ਚਿਤੁ ਗੁਪਤੁ |
| ੧੧. ...ਲਿਖਿ 'ਜਾਣਹਿ'...... | ...ਲਿਖਿ 'ਜਾਣਨਿ'... |
| ੧੨. ...ਲਿਖਿ ਲਿਖਿ ਧਰਮੁ 'ਵੀਚਾਰੇ'। | ...ਲਿਖਿ ਲਿਖਿ ਧਰਮੁ 'ਬੀਚਾਰੇ' |
| ੧੩-੧੫. 'ਗਾਵਹਿ' ਈਸਰੁ 'ਬਰਮਾ' ਦੇਵੀ... | ਗਾਵਨਿ 'ਤੁਧਨੋ' ਈਸਰੁ 'ਬ੍ਰਹਮਾ' ...ਦੇਵੀ |
| ੧੬. ...ਸੋਹਨਿ ਸਦਾ ਸਵਾਰੇ। | ਸੋਹਨਿ 'ਤੇਰੇ' ਸਦਾ ਸਵਾਰੇ। |
| ੧੭-੨੦. 'ਗਾਵਹਿ''ਇੰਦ''ਇੰਦਾਸਣਿ' | 'ਗਾਵਨਿ''ਤੁਧਨੋ''ਇੰਦ੍ਰ''ਇੰਦ੍ਰਾਸਣਿ' |
| ੨੧-੨੨. 'ਗਾਵਹਿ' ਸਿਧ ਸਮਾਧੀ... | 'ਗਾਵਨਿ' 'ਤੁਧਨੋ' ਸਿਧ ਸਮਾਧੀ... |
| ੨੩-੨੪. ...ਗਾਵਨਿ ਸਾਧ 'ਵਿਚਾਰੇ'। | ...'ਗਾਵਨਿ' ਤੁਧ ਨੋ ਸਾਧ 'ਬੀਚਾਰੇ' |
| ੨੫. ਗਾਵਨਿ ਜਤੀ ਸਤੀ ਸੰਤੋਖੀ... | ਗਾਵਨਿ 'ਤੁਧ ਨੋ' ਜਤੀ ਸਤੀ ਸੰਤੋਖੀ |
| ੨੬-੨੭. ... ਗਾਵਹਿ' ਵੀਰ ਕਰਾਰੇ। | 'ਗਾਵਨਿ' 'ਤੁਧ ਨੋ' ਵੀਰ ਕਰਾਰੇ |
| ੨੮-੨੯. ਗਾਵਨਿ ਪੰਡਿਤ ਪੜਨਿ ...'ਰਖੀਸਰ' | ਗਾਵਨਿ 'ਤੁਧ ਨੋ' ਪੰਡਿਤ ਪੜਨਿ ...'ਰਖੀਸੁਰ' |



www.AKJ.Org

| | |
|---|---|
| ੩੦-੩੧. 'ਗਾਵਹਿ' ਮੋਹਣੀਆ ਮਨੁ... ...ਮੋਹਨਿ | 'ਗਾਵਨਿ' 'ਤੁਧ ਨੋ' ਮੋਹਣੀਆ ਮਨੁ ...ਮੋਹਨਿ |
| ੩੨-੩੩. ...'ਸੁਰਗਾ' ਮਛ ਪਇਆਲੇ। | ...ਸੁਰਗੁ ਮਛ ਪਇਆਲੇ। |
| ੩੪. ਗਾਵਨਿ ਰਤਨ ਉਪਾਏ ਤੇਰੇ | ਗਾਵਨਿ 'ਤੁਧੁ ਨੋ' ਰਤਨ ਉਪਾਏ ਤੇਰੇ |
| ੩੫-੩੬. 'ਗਾਵਹਿ' ਜੋਧ ਮਹਾ ਬਲ ਸੂਰਾ... | 'ਗਾਵਨਿ' 'ਤੁਧ ਨੋ' ਜੋਧ ਮਹਾ ਬਲ ਸੂਰਾ |
| ੩੭-੩੮. ...'ਗਾਵਹਿ' ਖਾਣੀ ਚਾਰੇ। | ...ਗਾਵਨਿ 'ਤੁਧ ਨੋ' ਖਾਣੀ ਚਾਰੇ |
| ੩੯-੪੧. 'ਗਾਵਹਿ' ਖੰਡ ਮੰਡਲ 'ਵਰਭੰਡਾ' | 'ਗਾਵਨਿ' 'ਤੁਧਨੋ' ਖੰਡ ਮੰਡਲ ਬ੍ਰਹਮੰਡਾ |
| ੪੨. ...ਕਰਿ ਕਰਿ ਰਖੇ ਧਾਰੇ। | ...ਕਰਿ ਕਰਿ ਰਖੇ 'ਤੇਰੇ' ਧਾਰੇ। |
| ੪੩. ਸੋਈ ਤੁਧ ਨੋ 'ਗਾਵਹਿ' | ਸੋਈ ਤੁਧ ਨੋ 'ਗਾਵਨਿ' |
| ੪੪. ਹੋਰ ਕੇਤੇ ਗਾਵਨਿ... | ਹੋਰ ਕੇਤੇ 'ਤੁਧ ਨੋ' ਗਾਵਨਿ... |
| ੪੫. ...ਨਾਨਕੁ ਕਿਆ 'ਵੀਚਾਰੇ' | ...ਨਾਨਕੁ ਕਿਆ 'ਬੀਚਾਰੇ'। |
| ੪੬. ਕਰਿ ਕਰਿ 'ਵੇਖੈ' ਕੀਤਾ ਆਪਣਾ... | ਕਰਿ ਕਰਿ 'ਦੇਖੈ' ਕੀਤਾ ਆਪਣਾ |
| ੪੭. ...'ਜਿਵ' ਤਿਸ ਦੀ ਵਡਿਆਈ। | ...'ਜਿਉ' ਤਿਸ ਦੀ ਵਡਿਆਈ। |
| ੪੮. ...ਹੁਕਮੁ ਨ ਕਰਣਾ ਜਾਈ। | ...'ਫਿਰਿ' ਹੁਕਮੁ ਨ ਕਰਣਾ ਜਾਈ। |
| ੪੯. ਸੋ ਪਾਤਿਸਾਹੁ ਸਾਹਾ 'ਪਾਤਿ' ਸਾਹਿਬੁ | ਸੋ ਪਾਤਿਸਾਹੁ ਸਾਹਾ 'ਪਤਿ' ਸਾਹਿਬੁ |

'ਸੋ ਦਰੁ' ਦੀ ਇਹ ਪਉੜੀ ਆਸਾ ਰਾਗ ਦੇ ਅਰੰਭ ਵਿਚ ਵੀ ਹੈ। ਉਥੇ ਇਹ ਪਉੜੀ ਰਹਿਰਾਸ ਸਾਹਿਬ ਦੀ ਪਉੜੀ ਨਾਲ ਵਧੇਰੇ ਮਿਲਦੀ ਹੈ, ਪਰ ਉਥੇ ਵੀ ਵਖ ਵਖ ਥਾਵਾਂ ਦੇ ਪਾਠਾਂ ਦਾ ਨਿਖੇੜਾ ਰਖਣ ਲਈ ਸਤਿਗੁਰੂ ਪਾਤਿਸ਼ਾਹ ਜੀ ਨੇ ਕੁਝ ਹੋਰ ਭਿੰਨਤਾ ਰਖੀ ਹੋਈ ਹੈ; ਜਿਹਾ ਕਿ –

ਗਾਵਨਿ ਤੁਧ ਨੋ ਪੰਡਿਤ 'ਪੜੇ' ਰਖੀਸੁਰ...
ਗਾਵਨਿ ਤੁਧ ਨੋ ਰਤਨ ਉਪਾਏ ਤੇਰੇ 'ਜੇਤੇ'...
ਰੰਗੀ ਰੰਗੀ ਭਾਤੀ ' ' ਜਿਨਸੀ ਮਾਇਆ...

ਸੋ ਗੁਰਬਾਣੀ ਅਥਾਹ ਖ਼ਜ਼ਾਨਾ ਹੈ, ਇਹ ਹੀਰੇ ਰਤਨਾਂ ਦੀ ਖਾਣ ਹੈ। ਇਨ੍ਹਾਂ ਗਲਾਂ ਨੂੰ ਖੋਜਣ ਦੀ ਲੋੜ ਹੈ, ਸੁਚੇਤ ਮਨ ਨਾਲ।



www.AKJ.Org

# ਸਤਿਗੁਰ ਬਾਝਹੁ ਗੁਰ ਨਹੀਂ ਕੋਈ

(ਭਾਈ ਸਾਹਿਬ ਅਜੀਤ ਸਿੰਘ ਜੀ ਓਵਰਸੀਅਰ)

ਬੀਜ ਮਾਤਰ ਸਰਬ ਨੂੰ ਇਤਨਾ ਗਿਆਨ ਤਾਂ ਹੈ ਕਿ ਰੱਬ ਦੀ ਪਰਾਪਤੀ ਲਈ ਗੁਰੂ ਦਾ ਹੋਣਾ ਜ਼ਰੂਰੀ ਹੈ, ਪ੍ਰੰਤੂ ਗੁਰੂ ਨੂੰ ਅਸਲੀ ਮਹਨਿਆਂ ਵਿਚ ਸਮਝਣ ਲਈ ਵਿਰਲੇ ਆਦਮੀ ਹੀ ਕੋਸ਼ਸ਼ ਕਰਦੇ ਹਨ । ਨੜਿਨਵੇਂ ਫੀ ਸਦੀ ਤੋਂ ਵੀ ਜ਼ਿਆਦਾ ਲੋਕ ਗੁਰੂ ਪਦ ਤੋਂ ਅਨਜਾਣ ਹੋਣ ਕਰਕੇ ਕੱਚ ਘਰੜ ਗੁਰੂਆਂ ਦੇ ਮਗਰ ਲੱਗ ਕੇ ਗਲਤ ਰਾਹੇ ਪੈ ਰਹੇ ਹਨ । ਇਹ ਬਿਮਾਰੀ ਦਿਨ ਬਦਿਨ ਵਧ ਰਹੀ ਹੈ ਅਤੇ ਇਸ ਮਾਰ ਤੋਂ ਉਹੋ ਹੀ ਬਚ ਸਕੇ ਹਨ ਜਿਨ੍ਹਾਂ ਨੇ "ਸਤਿਗੁਰ ਬਾਝਹੁ ਗੁਰ ਨਹੀਂ ਕੋਈ" ਵਾਲੇ ਮਹਾਂ ਵਾਕ ਨੂੰ ਬਾਰ ਬਾਰ ਵਿਚਾਰਿਆ ਹੈ। ਗੁਰਮਤਿ ਆਸ਼ੇ ਅਨੁਸਾਰ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਨੌਂ ਗੁਰੂ ਹੀ ਗੁਰੂ ਹਨ ਅਤੇ ਵਰਤਮਾਨ ਹਾਲਤ ਵਿਚ ਉਹੋ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਰੀਪੂਰਨ ਹੈ । ਇਸ ਦਾ ਦਰਜਾ ਦੁਨੀਆਂ ਵਿਚ ਕਿਸੇ ਵੀ ਹੋਰ ਇਕ ਇਕੱਲੇ ਦੇਹਧਾਰੀ ਨੂੰ ਪਰਾਪਤ ਨਹੀਂ ਹੋ ਸਕਦਾ । "ਘਰ ਘਰ ਹੋਇ ਬਹੈਗੇ ਰਾਮਾ" ਵਾਲੀ ਹਾਲਤ ਨੂੰ ਤਕਦਿਆਂ ਹੋਇਆਂ ਦਸਮੇਸ਼ ਪਿਤਾ ਜੀ ਨੇ ਦੇਹਧਾਰੀ ਗੁਰੂ ਦਾ ਸਿਲਸਿਲਾ ਖਤਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਬਖਸ਼ ਦਿਤੀ। ਚਰਨ ਪਾਹੁਲ ਨੂੰ ਖੰਡੇ ਧਾਰ ਪਾਹੁਲ ਵਿਚ ਬਦਲ ਕੇ ਨਾਲ ਹੀ ਪੰਥ (ਪੰਜਾਂ ਪਿਆਰਿਆਂ) ਨੂੰ ਗੁਰੂ ਦਾ ਦਰਜਾ ਦਿਤਾ। ਪੰਜਾਂ ਪਿਆਰਿਆਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰ ਹਜ਼ੂਰੀ ਵਿਚ ਅੰਮ੍ਰਿਤ ਪਰਾਪਤ ਕੀਤਿਆਂ ਹੀ ਸਗੁਰਾਪਨ ਪਰਾਪਤ ਹੋ ਸਕਦਾ ਹੈ, ਬਾਕੀ ਸਭ ਨਿਗੁਰੇ ਹੀ ਹਨ, ਭਾਵੇਂ ਕਿਸੇ ਵੀ ਵਰਨ, ਜਾਤ ਜਾਂ ਮਜ਼੍ਹਬ ਨਾਲ ਸੰਬੰਧਤ ਹਨ; ਕਿਉਂਕਿ ਨਿਰੋਲ ਖਾਲਸਾ ਧਰਮ ਹੀ ਅਕਾਲ ਪੁਰਖ ਵਲੋਂ ਮਨਜ਼ੂਰ ਸ਼ੁਦਾ ਹੈ, ਬਾਕੀ ਸਭ ਫੋਕਟ ਹਨ, ਜਿਨ੍ਹਾਂ ਦੇ ਗ੍ਰਹਿਣ ਕੀਤਿਆਂ ਕੁਝ ਵੀ ਨਹੀਂ ਸੌਰਦਾ । ਜੁਗਾਂ ਜੁਗਾਤਰਾਂ ਵਿਚ ਪੂਰਾ ਉਤਰਨ ਵਾਲਾ ਗੁਰਮਤ ਮਾਰਗ ਹੀ ਹੈ ਅਤੇ ਇਸੇ ਧਰਮ ਨੂੰ ਧਾਰਨ ਕਰਨ ਦਾ ਹੁਕਮ ਹੈ। ਜਿਹੜੇ ਆਦਮੀ ਇਹ ਕਹਿੰਦੇ ਹਨ ਕਿ ਸਭ ਧਰਮ ਬਰਾਬਰ ਹਨ,



www.AKJ.Org

ਉਹ ਮੁਢ ਤੋਂ ਹੀ ਭੁਲੇ ਹੋਏ ਹਨ । ਜੇ ਇਹ ਗੱਲ ਇਸ ਤਰ੍ਹਾਂ ਹੀ ਹੁੰਦੀ ਤਾਂ ਦਸਮੇਸ਼ ਪਿਤਾ ਜੀ ਨੂੰ ਇਹ ਤੁਕ ਉਚਾਰਣ ਦੀ ਲੋੜ ਹੀ ਨਾ ਪੈਂਦੀ; "ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨ ਪਤੀ ਕੇ ॥" ਜੇ ਸਾਰੇ ਧਰਮ ਸਚੇ ਹੁੰਦੇ ਤਾਂ ਦਸਾਂ ਗੁਰੂਆਂ ਦੇ ਅਵਤਾਰ ਧਾਰਨ ਦੀ ਜ਼ਰੂਰਤ ਹੀ ਕੀ ਸੀ। ਅਕਾਲ ਪੁਰਖ ਦੀ ਆਗਿਆ ਨਾਲ ਹੀ ਕਲਗੀਧਰ ਦਸਮੇਸ਼ ਪਿਤਾ ਜੀ ਨੇ ਖਾਲਸਾ ਪੰਥ ਚਲਾਇਆ ।

ਅਜ ਕਲ ਲੋਕੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿਖਿਆ ਨੂੰ ਭੁਲ ਕੇ ਦੇਹਧਾਰੀ ਗੁਰੂ ਧਾਰਨ ਕਰ ਰਹੇ ਹਨ ਜਿਹਾ ਕਿ ਨਾਮਧਾਰੀ, ਨਿਰੰਕਾਰੀ ਅਤੇ ਰਾਧਾ ਸੁਆਮੀ, ਆਦਿਕ ਸੰਪ੍ਰਦਾਵਾਂ ਵਿਚ ਦੇਖਿਆ ਜਾ ਰਿਹਾ ਹੈ । ਇਹ ਸਭ ਪਖੰਡ ਅਤੇ ਕੂੜ ਦੀਆਂ ਹੱਦਾਂ ਹਨ । "ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥" ਦੇ ਮਹਾਂ ਵਾਕ ਅਨੁਸਾਰ ਇਕ ਸਮੇਂ ਸਿਰਫ਼ ਇਕ ਹੀ ਗੁਰੂ ਹੋ ਸਕਦਾ ਹੈ, ਪਰੰਤੂ ਇਹ ਕੀ ! ਇਥੇ ਤਾਂ ਅਣਗਿਣਤ ਹੀ ਗੁਰੂ ਬਣੇ ਬੈਠੇ ਹਨ । ਇਨ੍ਹਾਂ ਸਾਰੇ ਆਪੇ ਬਣ ਬੈਠੇ ਕੱਚ ਘਰੜ ਗੁਰੂਆਂ ਨੂੰ ਗੁਰਮਤਿ ਦੀ ਰੋਸ਼ਨੀ ਵਿਚ ਤਕਿਆਂ ਸੌਖੀ ਤਰ੍ਹਾਂ ਹੀ ਪਤਾ ਲਗ ਜਾਂਦਾ ਹੈ ਕਿ ਦੇਹਧਾਰੀ ਗੁਰੂ ਦਾ ਸਿਲਸਿਲਾ ਬਿਲਕੁਲ ਹੀ ਝੂਠ ਹੈ । ਜੋ ਸਚੇ ਪਾਤਸਾਹ ਦੀ ਰੀਸ ਨਾਲ ਆਪਣੇ ਆਪ ਗੁਰੂ ਹੋਣ ਦਾ ਦਾਅਵਾ ਕਰਦੇ ਹਨ ਉਹ ਬਿਲਕੁਲ ਕੂੜਿਆਰ ਹਨ; ਹਾਂ ਜੀ,

"ਜੋ ਸਤਿਗੁਰ ਕੀ ਰੀਸੈ ਕਚ ਪਿਚ ਬੋਲਦੇ,
ਸੇ ਕੂੜਿਆਰ ਕੂੜੇ ਝੜ ਪੜੀਐ ॥"

ਆਪਣੇ ਆਪ ਬਣੇ ਦੇਹਧਾਰੀ ਗੁਰੂ ਪੱਕੇ ਮਨਮੁਖ ਹਨ, ਗੁਰੂ ਦੇ ਸ਼ਰੀਕ ਅਤੇ ਦੇਣਦਾਰ ਹਨ । ਆਪਣੇ ਆਪ ਵਿਚ ਤਾਂ ਬੜੇ ਮਹਾਂ ਪੁਰਸ਼ ਅਤੇ ਪਰਉਪਕਾਰੀ ਬਣੇ ਬੈਠੇ ਹਨ । ਪਰੰਤੂ ਉਨ੍ਹਾਂ ਨੂੰ ਇਹ ਪਤਾ ਨਹੀਂ "ਨਾਨਕ ਏਵ ਨ ਜਾਪਈ ਕਰਤਾ ਕੇਤੀ ਦੇਇ ਸਜਾਇ।" ਦਰਗਾਹ ਵਿਚ ਇਨ੍ਹਾਂ ਗੁਰੂ ਦੇ ਫਿਟਕਾਰਿਆਂ ਨੂੰ ਨਰਕਾਂ ਵਿਚ ਉਥੇ ਥਾਂ ਮਿਲੇਗੀ ਜਿਥੇ ਮਹਾਂ ਮਹਾਂ ਹਤਿਆਰਿਆਂ ਦਾ ਵਾਸਾ ਹੁੰਦਾ ਹੈ । ਬਹੁਤ ਸਾਰੇ ਭਗਵੇਂ ਭੇਸੀ ਵੀ ਆਪਣੇ ਆਪ ਨੂੰ ਗੁਰੂ ਹੋਣ ਦੀ ਡੀਂਗ ਮਾਰਦੇ ਹਨ। "ਭਗਵੈ ਵੇਸਿ ਭ੍ਰਮਿ ਮੁਕਤਿ ਨ ਹੋਇ ॥" ਵਾਲੀ ਬਾਤ ਨੂੰ ਹਾਸਾ ਜਾਣਦੇ ਹਨ, ਹਾਲਾਂਕਿ ਭਗਵੇਂ ਵੇਸ ਦੀ ਗੁਰਬਾਣੀ ਅੰਦਰ ਥਾਂ ਥਾਂ ਨਿਖੇਧੀ ਕੀਤੀ ਗਈ ਹੈ, ਪਤਾ ਨਹੀਂ ਲੋਕੀਂ ਉਨ੍ਹਾਂ ਨੂੰ ਸੰਤ ਅਤੇ ਗੁਰੂ ਦਾ ਦਰਜਾ ਕਿਉਂ ਦੇ ਰਹੇ ਹਨ । ਇਸ ਤਰ੍ਹਾਂ ਦੇ ਆਪੇ ਬਣ ਬੈਠੇ ਕੱਚ ਘਰੜ ਗੁਰੂਆਂ ਦੀ ਅਤੇ ਇਨ੍ਹਾਂ ਨੂੰ ਮੰਨਣ ਵਾਲਿਆਂ ਦੀ ਬਾਬਤ ਸਚੇ



www.AKJ.Org

ਪਾਤਸ਼ਾਹ ਦਾ ਇਹ ਹੁਕਮ ਨਾਮਾ ਹੈ –

"ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨਾ ਪਾਵੈ ॥
ਪਾਵੈ ਮੁਕਤਿ ਨ ਹੋਰਥੈ ਕੋਈ ਪੁਛਹੁ ਬਿਬੇਕੀਆ ਜਾਏ ॥
ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥
ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥
ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥

ਰੱਬੀ ਬਾਣੀ ਥਾਂ ਥਾਂ ਤੇ ਗੁਰੂ ਪੂਰੇ ਦੀਆਂ ਨਿਸ਼ਾਨੀਆਂ ਦਸ ਦਸ ਕੇ ਉਸ ਦੇ ਧਾਰਨ ਲਈ ਉਪਦੇਸ਼ ਦੇ ਰਹੀ ਹੈ, ਜਿਹਾ ਕਿ,

"ਸਤਿ ਪੁਰਖ ਜਿਨ ਜਾਨਿਆ ਸਤਿਗੁਰੁ ਤਿਸਕਾ ਨਾਉ"
"ਐਸੇ ਗੁਰੁ ਕਉ ਬਲਿ ਬਲਿ ਜਾਈਐ ਆਪਿ ਮੁਕਤ ਮੋਹਿ ਤਾਰੈ"

ਭਰਮ ਗੜ੍ਹ ਨੂੰ ਤੋੜਨਹਾਰਾ ਹੀ ਗੁਰੂ ਅਖਵਾ ਸਕਦਾ ਹੈ ਅਜ ਕਲ ਦੇ ਕੱਚ ਘਰੜ ਦੇਹਧਾਰੀ ਗੁਰੂ ਤਾਂ ਸਗੋਂ ਹੋਰ ਭਰਮਾਂ ਅਤੇ ਵਹਿਮਾਂ ਵਿਚ ਪਾ ਦਿੰਦੇ ਹਨ। ਕਬੀਰ ਜੀ ਤਾਂ ਕਹਿ ਰਹੇ ਹਨ ਕਿ ਜਿਸ ਗੁਰੂ ਤੋਂ ਭਰਮ ਦੀ ਨਵਿਰਤੀ ਨਹੀਂ ਹੁੰਦੀ ਉਸ ਦੀ ਮਾਂ ਦਾ ਸਿਰ ਮੁੰਨ ਦੇਵੋ। ਪਰੰਤੂ ਉਹ ਕਿਡੇ ਭੋਲੇ ਲੋਕ ਹਨ ਜਿਹੜੇ ਅਜੇ ਵੀ ਕਚੇ ਗੁਰੂਆਂ ਤੋਂ ਹੀ ਮੁਕਤਾਂ ਭਾਲਦੇ ਹਨ। ਅਸਲ ਵਿਚ "ਮੁਕਤਿ ਭੁਗਤਿ ਜੁਗਤਿ" ਦੇ ਦਾਤੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। "ਤਖਤ ਬਹੈ ਤਖਤੈ ਕੀ ਲਾਇਕ" ਦੇ ਮੁਤਾਬਕ ਚੌਰ ਤਖਤ ਦੇ ਮਾਲਕ, ਲਾਇਕ ਗੁਰੂ ਨੂੰ ਹੀ ਗੁਰੂ ਦਾ ਦਰਜਾ ਦਿਤਾ ਜਾ ਸਕਦਾ ਹੈ। ਜੀਵ ਰੂਪੀ ਇਸਤਰੀ ਭਾਵੇਂ ਚਾਰੇ ਜੁਗ ਭਾਉਂਦੀ ਫਿਰੇ ਸਤਿਗੁਰ ਤੋਂ ਬਿਨਾਂ ਸੁਹਾਗ ਪ੍ਰਾਪਤ ਨਹੀਂ ਹੋ ਸਕਦਾ। ਇਸ ਤਰ੍ਹਾਂ ਦਾ ਪੂਰਾ ਸਤਿਗੁਰੂ ਪੂਰੇ ਭਾਗਾਂ ਨਾਲ ਹੀ ਪਰਾਪਤ ਹੁੰਦਾ ਹੈ, ਜਿਸ ਨਾਲ ਚੌਹਾਂ ਜੁਗਾਂ ਵਿਚ ਸੁਖ ਪਰਾਪਤ ਹੋ ਸਕਦਾ ਹੈ। ਸਾਰੀ ਗੱਲ ਦਾ ਅੰਤ ਇਥੇ ਹੀ ਹੁੰਦਾ ਹੈ ਕਿ ਮਤ ਕੋਈ ਗੁਮਾਨ ਕਰੇ ਆਪਣੇ ਆਪ ਵਿਚ ਦੇਹਧਾਰੀ ਗੁਰੂ ਹੋਣ ਦਾ ਇਸ ਪਰਪੰਚ ਵਿਚ ਤਾਂ ਸਤਿਗੁਰੂ ਹੋਣ ਦੀ ਵਡਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਪ੍ਰਾਪਤ ਹੋਈ ਹੈ। ਮਤ ਕੋ ਭਰਮ ਭੁਲੇ ਕਿ ਕਿਸੇ ਦੇਹਧਾਰੀ ਨੂੰ ਇਹ ਦਰਜਾ ਪਰਾਪਤ ਹੈ।



www.AKJ.Org

# ਖ਼ਾਲਸਾ

(ਭਾਈ ਮਨਜੀਤ ਸਿੰਘ ਜ਼ੀਰਾ)

ਦਸਮ ਪਾਤਿਸ਼ਾਹ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਨੀਲੇ ਘੋੜੇ ਵਾਲਾ, ਚਿਟਿਆਂ ਬਾਜਾਂ ਵਾਲਾ, ਕਲਗੀਧਰ ਪਿਤਾ, ਖਾਲਸਾ ਜੀ ਦੇ ਪਿਤਾ ਜੀ ਆਦਿ ਸ਼ਰਧਾ ਤੇ ਵਿਵੇਕ ਪੂਰਨ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। 'ਖਾਲਸਾ' ਸਾਜਣਾ ਦਸਮ ਪਾਤਿਸ਼ਾਹ ਦਾ ਮਹਾਨ ਕਾਰਨਾਮਾ ਹੈ । ਖਾਲਸਾ ਗੁਰੂ ਗੋਬਿੰਦ ਸਿੰਘ ਦਾ ਸ਼ਾਹਕਾਰ ਹੈ।

'ਖ਼ਾਲਸਾ' ਦੁਨੀਆ ਦੇ ਸਭ ਇਨਸਾਨਾਂ ਤੋਂ ਉਤਮ ਹੈ । ਜਿਵੇਂ ਪਰਬਤਾਂ ਵਿਚੋਂ ਸੁਮੇਰ ਪਰਬਤ ਉਚਾ ਹੈ, 'ਖਾਲਸਾ' ਸਾਰੀ ਦੁਨੀਆਂ ਦੇ ਮਾਨਵਾਂ ਤੋਂ ਮਨ-ਬਚਨ ਕਰਮ ਰਾਹੀਂ 'ਸ਼ੁਭ ਕਰਮ' ਕਰਕੇ ਉੱਚਾ ਹੈ। ਖਾਲਸਾ ਗੰਗਾ ਨਦੀ ਵਾਂਗ ਪਵਿਤ੍ਰ ਹੈ, ਜਿਵੇਂ ਗੰਗਾ ਨਦੀ ਸਭ ਨਦੀਆਂ ਵਿਚੋਂ ਪਾਕ, ਨਿਰਮਲ ਹੈ। 'ਖਾਲਸਾ' ਪਾਰਸ ਹੈ, ਜਿਵੇਂ ਪਾਰਸ ਸਭ ਪਥਰਾਂ ਵਿਚੋਂ ਉਤਮ ਹੈ । ਕਹਾਵਤ ਹੈ ਕਿ ਪਾਰਸ ਪਥਰ ਲੋਹੇ ਨੂੰ ਕੰਚਨ (ਸੋਨਾ) ਬਣਾ ਦਿੰਦਾ ਹੈ। ਇਵੇਂ ਹੀ 'ਖ਼ਾਲਸਾ' (ਪਾਰਸ) ਨੀਵੇਂ, ਮਧਮ, ਪੁਰਸ਼ਾਂ ਨੂੰ ਉਤਮ ਗੁਰਸਿਖ ਬਣਾ ਦਿੰਦਾ ਹੈ, ਜੇ ਉਹ ਖਾਲਸੇ ਦੀ ਸੰਗਤ ਕਰਨ। ਸੋ ਖ਼ਾਲਸਾ ਮਨ, ਬਚਨ, ਕਰਮ ਅਰਥਾਤ ਸ਼ੁਭ ਚਿਤਵਨ, ਸ਼ੁਭ ਸ਼ਬਦ ਵਾਕ, ਮੁਖ ਰਾਹੀਂ ਕਹਿਣੇ ਤੇ ਸ਼ੁਭ ਕਰਮਾਂ ਕਰਕੇ ਉਤਮ ਹੈ ।

ਜਿਵੇਂ ਪਟਵਾਰੀ ਦੇ ਰੋਜ਼ਨਾਮਚੇ ਵਿਚ ਚਾਰ ਖ਼ਾਨੇ ਹੁੰਦੇ ਹਨ :—

(੧) ਜ਼ਮੀਨਿ ਚਾਹੀ
(੨) ਜ਼ਮੀਨਿ ਬੰਜਰ
(੩) ਜ਼ਮੀਨਿ ਖ਼ਾਲਸਾ

'ਜ਼ਮੀਨਿ ਖ਼ਾਲਸਾ' ਸਿਧੀ ਸਰਕਾਰ (Government) ਨਾਲ ਸਬੰਧਤ ਹੁੰਦੀ ਹੈ। ਸਰਕਾਰ ਦੇ ਅਧੀਨ ਹੁੰਦੀ ਹੈ, ਇਵੇਂ 'ਖ਼ਾਲਸਾ' ਹੋਰ ਕਿਸੇ ਦੇ ਅਧੀਨ ਨਹੀਂ, ਉਹ ਅਕਾਲ-ਪੁਰਖ ਨਾਲ ਸਿਧਾ Direct) ਸਬੰਧ ਰਖਦਾ ਹੈ।



www.AKJ.Org

ਜਿਵੇਂ Khalsa Lands (ਖ਼ਾਲਸਾ ਲੈਂਡਜ਼) ਸਿਧੀ ਸਰਕਾਰ (ਗੌਰਮਿੰਟ) ਦੇ ਅਧੀਨ ਹਨ ਇਸੇ ਤਰ੍ਹਾਂ 'ਖ਼ਾਲਸਾ' ਸਿਰਫ਼ 'ਚਤ੍ਰ-ਚਕ੍ਰਵਰਤੀ' ਅਕਾਲ ਪੁਰਖ ਦੇ ਅਧੀਨ Under ਹੈ।

ਜਿਵੇਂ ਮੀਨ ਨੂੰ ਨੀਰ (ਜਲ) ਨਾਲ, ਚਕੋਰ ਨੂੰ ਚੰਦ੍ਰਮਾ ਨਾਲ, ਚਕਵੀ ਨੂੰ ਸੂਰਜ ਨਾਲ, ਭੰਵਰੇ ਨੂੰ ਫੁਲ ਨਾਲ, ਪਿਆਸੇ ਨੂੰ ਪਾਣੀ ਨਾਲ, ਭੁਖੇ ਨੂੰ ਅਨਾਜ ਨਾਲ ਪ੍ਰੀਤ ਹੁੰਦੀ ਹੈ, ਇਵੇਂ ਹੀ ਖ਼ਾਲਸੇ ਦੀ ਪ੍ਰੀਤ ਸਿਰਫ਼ ਅਕਾਲ-ਪੁਰਖ ਨਾਲ ਹੈ। ਅਕਾਲ-ਪੁਰਖ ਦਾ ਸਿਮਰਨ ਉਹ ਦਿਨ ਰਾਤ ਮਨ ਚਿਤ ਵਿਚ ਕਰਦਾ ਹੈ। 'ਜਾਗਤ ਜੋਤ ਜਪੈ ਨਿਸ ਬਾਸੁਰ', ਹੋਰ ਚਿਤਵਨ ਨਹੀਂ ਕਰਦਾ ਕਿਉਂਕਿ ਹੋਰ ਪ੍ਰੀਤਾਂ ਹੇਚ ਹਨ। ----

# ਸਬ-ਆਫ਼ਿਸ ਖੁਲ੍ਹ ਗਿਆ !

ਸੰਗਤਾਂ ਇਹ ਜਾਣ ਕੇ ਅਤਿਅੰਤ ਪ੍ਰਸੰਨ ਹੋਣਗੀਆਂ ਕਿ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜੱਥਾ ਪਟਿਆਲਾ ਵਲੋਂ ਜੋ ਇਹ ਗੁਰਮਤਿ ਪਰਚਾਰਕ ਮਾਸਕ ਪੱਤਰ "ਸੂਰਾ" ਸਿਰਲੇਖ ਹੇਠ ਸ੍ਰੀ ਅੰਮ੍ਰਿਤਸਰ ਜੀ ਤੋਂ ਫ਼ਰਵਰੀ ੧੯੬੬ ਤੋਂ ਪ੍ਰਕਾਸ਼ਤ ਹੋ ਚੁਕਾ ਹੈ, ਇਸ ਪਰਚੇ ਨੂੰ ਵਧ ਤੋਂ ਵਧ ਸੰਗਤਾਂ ਦੇ ਹਥਾਂ ਵਿਚ ਪਹੁੰਚਾਣ ਲਈ ਇਕ ਸਬ-ਆਫ਼ਿਸ ਪਟਿਆਲੇ ਸ਼ਹਿਰ ਵਿਚ ਖੋਲ੍ਹ ਦਿਤਾ ਗਿਆ ਹੈ।

ਸੋ ਸੰਗਤਾਂ ਹੁਣ ਇਸ ਪਰਚੇ ਦਾ ਸਾਲਾਨਾ ਚੰਦਾ ਕੇਵਲ ਪੰਜ ਰੁਪੈ ਹੇਠ ਲਿਖੇ ਪਤਿਆਂ ਤੇ ਭੇਜ ਸਕਦੀਆਂ ਹਨ।

(ਮੈਨੇਜਰ)

(੧) ਮੈਨੇਜਰ "ਸੂਰਾ"
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

(੨) ਭਾਈ ਦਰਸ਼ਨ ਸਿੰਘ ਜੀ
ਅਸਿਸਟੈਂਟ, ਸਟੋਰ ਪਰਚੇਜ ਸੈਕਸ਼ਨ,
ਪੰਜਾਬ ਰਾਜ ਬਿਜਲੀ ਬੋਰਡ, ਪਟਿਆਲਾ


www.AKJ.Org

# ਗੁਰਮੁਖ ਪਿਆਰੇ ਦੀ ਯਾਦ

(ਤ੍ਰਿ: ਗੁਰਦਿਤ ਸਿੰਘ ਜੀ ਚੰਡੀਗੜ੍ਹ)

੧੬ ਅਪਰੈਲ ਦਾ ਦਿਨ ਗੁਰਮੁਖ ਪਿਆਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਕਾਲ ਚਲਾਣੇ ਦੀ ਯਾਦ ਨਾਲ ਵਾਬਸਤਾ ਹੋਣ ਦੇ ਕਾਰਨ ਅਜ ਦਿਲ ਨੂੰ ਮੁੜ ਟੁੰਬ ਗਿਆ ਹੈ । ਇਸ ਸਰੀਰ ਦੀ ਮਿਟੀ ਦੇ ਜੁਸੇ ਵਿਚ ਮੁੜ ਰੱਬ ਭਿੰਨੀਆਂ ਝਰਨ ਟਾਂ ਲਰਜ਼ੇ ਮਾਰ ਉਠੀਆਂ ਹਨ, ਜੋ ਕਦੀ ਉਸ ਮਹਾਨ ਕ੍ਰਾਂਤੀਕਾਰੀ ਤੇਜਸਵੀ ਪੁਰਖ ਦੀ ਪਿਆਰ ਗਲਵਕੜੀ ਵਿਚ ਘੁਟੀਂਦੀਆਂ, ਕੀਰਤਨ ਵਿਚ ਪਲ ਪਲ ਤੇ ਬਾਣੀ ਦੇ ਬਾਣਾਂ ਦੀਆਂ ਦਿਲ-ਵਿੰਨ੍ਹਵੀਆਂ ਚੋਟਾਂ ਤੋਂ ਨਸੀਬ ਹੁੰਦੀਆਂ ਸਨ। ਭਾਈ ਸਾਹਿਬ ਜੀ ਦੀ ਛੋਹ ਇਕ ਪਰਜ੍ਵਲਤ ਜਯੋਤੀ ਦੀ ਛੋਹ ਸੀ, ਜਿਸ ਨਾਲ ਕਾਲਜੇ ਠੰਡ ਪੈਂਦੀ ਤੇ ਆਤਮਾ ਨੂੰ ਨਿਘ ਮਿਲਦਾ ਸੀ। ਭਾਗਾਂ ਵਾਲੇ ਉਸ ਜੋਤ ਤੋਂ ਪਰੇਮ ਪਿਆਰ ਦੀ ਆਪਣੀ ਜੋਤ ਵੀ ਜਗਾ ਲੈਂਦੇ ਸਨ । ਉਹਨਾਂ ਦੇ ਕੀਰਤਨ ਵਿਚ ਜੋ ਤਰਾਟਾਂ ਪਾਉਣ ਵਾਲੇ ਪਲਟੇ, ਸੰਗੀਤਕ ਸੁਰਾਂ ਜਾਂ ਤਾਲਾਂ ਦੇ ਨਹੀਂ, ਸ਼ਬਦੀ ਛੋਹਾਂ ਦੇ ਮਾਣਨ ਦਾ ਜਿਨ੍ਹਾਂ ਨੂੰ ਸਮਾਂ ਮਿਲਿਆ ਹੈ, ਉਹ ਪ੍ਰਾਣੀ ਹੀ ਰਸ-ਭਿੰਨੀਆਂ ਕੰਬਣੀਆਂ ਦੇ ਸੁਆਦਾਂ ਨੂੰ ਜਾਣ ਸਕਦੇ ਸਨ ਕਿ ਉਹ ਕਿਤਨੀਆਂ ਰਸ-ਮੁਗਧ ਕਰਨ ਵਾਲੀਆਂ ਹੁੰਦੀਆਂ ਸਨ ।

ਭਾਈ ਸਾਹਿਬ ਜੀ ਆਪਣੀ ਜੀਵਨ ਭਰ ਦੀ ਖਟੀ ਖਟਾਈ ਗੁਰਮਤਿ ਨਾਮ ਅਭਿਆਸ ਕਮਾਈ ਦੀ ਸਾਧਨਾ ਦੇ ਫਲ ਸਰੂਪ ਅਖੰਡ ਕੀਰਤਨ ਜੋਤੀ ਦੀ ਜੋ ਸਚੀ ਸੁਚੀ ਮਿਸਾਲ ਜਗਾ ਗਏ ਹਨ, ਇਹ ਚਿਰਾਗ਼ ਹੁਣ ਬੁਝਾਇਆਂ ਨਹੀਂ ਬੁਝੇਗਾ, ਸਗੋਂ ਜੋਤ ਤੋਂ ਜੋਤ ਜਗਾਉਂਦਾ ਰਹੇਗਾ ਅਤੇ ਅਨੇਕਾਂ ਗੁਰਮਤਿ-ਪਰੇਮੀਆ ਤੇ ਕੀਰਤਨ-ਰਸੀਆਂ ਦੇ ਜੀਵਨ ਦਾ ਆਧਾਰ ਬਣ ਕੇ ਗੁਰਬਾਣੀ ਅਤੇ ਪ੍ਰਗਟ ਪਰਮਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਰਿਸ਼ਤੇ ਗੰਢਦਾ ਜਾਵੇਗਾ। ਅਸੀਂ ਦੇਖਿਆ ਹੈ ਕਿ ਭਾਈ ਸਾਹਿਬ ਜੀ ਦੇ ਅਕਾਲ ਚਲਾਣੇ ਪਿਛੋਂ ਇਹ ਜੋਤ ਮਧਮ ਨਹੀਂ ਪਈ, ਸਗੋਂ ਵਧੇਰੇ ਥਾਵਾਂ ਤੇ ਦੇਸ਼ ਵਿਦੇਸ਼ਾਂ ਵਿਚ ਪਹਿਲਾਂ ਨਾਲੋਂ ਵਧੇਰੇ ਜ਼ੋਰ ਤੇ ਤੇਜ਼ੀ ਨਾਲ ਮਚੀ ਹੈ ਤੇ ਕੀਰਤਨ ਪਰੇਮੀਆਂ, ਨਾਮ ਦੇ ਰਸੀਆਂ



www.AKJ.Org

ਦਾ ਘੇਰਾ ਵਧੇਰੇ ਚੌੜਾ ਹੋਇਆ ਹੈ। ਲੋੜ ਮਹਿਸੂਸ ਹੋ ਰਹੀ ਹੈ ਕਿ ਜਥੇ ਨੂੰ ਠੀਕ ਤਰੀਕੇ ਨਾਲ ਹਰ ਸਮੇਂ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਚਲਾਇਆ ਜਾਇਆ ਕਰੇ। ਤਦ ਇਹ ਪਰੰਪਰਾ ਰਹਿੰਦੀ ਦੁਨੀਆਂ ਤਕ ਭਾਈ ਸਾਹਿਬ ਜੀ ਦੀ ਘਾਲਣਾ ਅਤੇ ਸੇਵਾ ਦੀ ਬਚੀ ਸੱਚੀ ਸੁੱਚੀ ਯਾਦਗਾਰ ਹੀ ਨਹੀਂ, ਸਗੋਂ ਅਨੇਕਾਂ ਪ੍ਰਾਣੀਆਂ ਦੇ ਜੀਵਨ ਦਾ ਅਧਾਰ ਗੁਰਬਾਣੀ ਬਣਾ ਸਕਦੀ ਹੈ।

ਭਾਈ ਸਾਹਿਬ ਜੀ, ਗੁਰੂ ਨਾਨਕ ਗੁਰਪੁਰਬ, ਦਸਮੇਸ਼ ਜੀ ਦਾ ਅਵਤਾਰ ਦਿਹਾੜਾ ਅਤੇ ਵੈਸਾਖੀ ਦੇ ਤਿੰਨ ਸਮਾਗਮ ਖ਼ਾਸ ਤੌਰ ਤੇ ਆਪ ਮਨਾਇਆ ਕਰਦੇ ਸਨ ਜਿਨ੍ਹਾਂ ਵਿਚ ਦੂਰੋਂ ਨੇੜਿਓਂ ਉਹਨਾਂ ਦੇ ਪਰੇਮੀ ਅਤੇ ਹੋਰ ਨਾਮ ਬਾਣੀ ਦੇ ਰੱਸੀਏ ਇਕੱਤ੍ਰ ਹੋ ਕੇ ਲਾਹੇ ਲਿਆ ਕਰਦੇ ਸਨ।

ਪੋਹ ਸੁਦੀ ਸਪਤਮੀ ਦੇ ਪੁਰਬ ਭਾਈ ਸਾਹਿਬ ਜੀ ਨੇ ਜੇਲ੍ਹ-ਯਾਤਰਾ ਪਿਛੋਂ ਆਪਣੇ ਪਿੰਡ ਨਾਰੰਗਵਾਲ ਅਰੰਭੇ, ਜਿਥੇ ਰਾਵਲਪਿੰਡੀ, ਪਿਸ਼ਾਵਰ, ਕਾਬਲ, ਕਲਕੱਤਾ, ਬੰਬਈ ਪ੍ਰਦੇਸਾਂ ਆਦਕ ਤੋਂ ਪਰੇਮੀ ਪੁਜਿਆ ਕਰਦੇ ਸਨ। ਜਦੋਂ ਉਹਨਾਂ ਦੀ ਸਿਹਤ ਠੀਕ ਨ ਰਹੀ, ਤੇ ਆਉਣ ਵਾਲੀਆਂ ਸਿਖ ਸੰਗਤਾਂ ਦੀ ਖੇਚਲ ਅਨੁਭਵ ਕੀਤੀ ਤਾਂ ਇਹ ਸਮਾਗਮ ਲੁਧਿਆਣੇ ਕਰਨੇ ਅਰੰਭੇ ਗਏ। ਜਿਥੇ ਭਾਈ ਸਾਹਿਬ ਜੀ, ਆਪਣੀ ਸਪੁਤ੍ਰੀ ਬੀਬੀ ਦਲੇਰ ਕੌਰ ਦੀ ਕੋਠੀ ਵਿਚ ਰਿਹਾ ਕਰਦੇ ਤੇ ਸਮਾਗਮ ਗੁਰਦਵਾਰਾ ਮਾਡਲ ਟਾਊਨ ਦੀ ਸਿੰਘ ਸਭਾ ਵਿਚ ਕੀਤੇ ਜਾਂਦੇ ਸਨ।

ਵੈਸਾਖੀ ਦੇ ਪਹਿਲੇ ਸਮਾਗਮ ਪੰਜਾ ਸਾਹਿਬ ਰਾਵਲਪਿੰਡੀ ਕੀਤੇ ਜਾਂਦੇ ਰਹੇ, ਫਿਰ ਕਈ ਸਾਲ ਲਗਾਤਾਰ ਜੇਹਲਮ ਹੁੰਦੇ ਰਹੇ। ਦੇਸ ਦੀ ਵੰਡ ਪਿਛੋਂ ਇਹ ਸਮਾਗਮ ਸ੍ਰੀ ਅੰਮ੍ਰਿਤਸਰ ਜੀ ਹੁੰਦੇ ਰਹੇ ਤੇ ਫਿਰ ਭਾਈ ਸਾਹਿਬ ਜੀ ਦੀ ਸਿਹਤ ਨੂੰ ਮੁਖ ਰਖ ਕੇ ਇਹ ਲੁਧਿਆਣੇ ਹੀ ਕੀਤਾ ਜਾਣਾ ਅਰੰਭਿਆ ਗਿਆ। ਅੰਤ ਵਿਚ ਬਹੁਤੇ ਸਮਾਗਮ ਲੁਧਿਆਣੇ ਹੀ ਹੁੰਦੇ ਸਨ।

ਭਾਈ ਸਾਹਿਬ ਜੀ ਦਾ ਚਲਾਣਾ ਕਿਉਂਕਿ ੧੬ ਅਪਰੈਲ ਨੂੰ ਲੁਧਿਆਣੇ ਵਿਚ ਹੀ ਹੋਇਆ ਸੀ, ਉਹਨਾਂ ਦੇ ਪਰੇਮੀਆਂ ਵਿਚ ਬਹੁਤੇ ਸਜਣ ਮੁਲਾਜ਼ਮਤਾਂ ਉਤੇ ਹਨ, ਵੈਸਾਖੀ ਦੀਆਂ ਛੁਟੀਆਂ ਕਾਰਨ ਏਸੇ ਦਿਨ ਨੂੰ ਉਹਨਾਂ ਦੀ ਯਾਦਗਾਰੀ ਦਿਨ ਬਣ ਗਿਆ ਹੈ ਉਂਞ ਉਹਨਾਂ ਦੇ ਨਿਵਾਸ ਸਥਾਨ ਉਤੇ ੧੬ ਅਪਰੈਲ ਚਲਾਣੇ ਵਾਲੇ ਦਿਨ ਵੀ ਅਖੰਡ ਪਾਠ ਦਾ ਭੋਗ ਪੈਂਦਾ ਹੈ।

ਭਾਈ ਸਾਹਿਬ ਜੀ ਦੀ ਇਹ ਬਹੁਤ ਹੀ ਉਤਮ ਪਿਰਤ ਪਾਈ ਹੋਈ ਹੈ ਕਿ, ਆਸਾ ਦੀ ਵਾਰ ਦੇ ਜਿਸ ਸਲੋਕ ਤੇ ਛੱਕੇ ਦਾ ਗਾਇਨ ਕੀਤਾ ਜਾਣਾ ਹੁੰਦਾ ਹੈ, ਉਸ ਨਾਲ ਸਬੰਧਤ ਬਿਰਹਾ, ਵੈਰਾਗ, ਉਪਦੇਸ਼, ਬਨਤੀਆਂ, ਜੋਦੜੀਆਂ ਦੇ



www.AKJ.Org

ਅਜੇਹੇ ਸ਼ਬਦ ਚੁਣ ਚੁਣ ਕੇ ਗਾਏ ਜਾਂਦੇ ਹਨ ਕਿ ਸ਼ਬਦ ਸਲੋਕ ਅਤੇ ਛਕਾ ਇਕੋ ਭਾਵ ਨੂੰ ਦਰਸਾਉਂਦੇ ਤੇ ਦ੍ਰਿੜਾਉਂਦੇ ਮਲੂੰਮ ਹੁੰਦੇ ਹਨ।

ਆਮ ਤੌਰ ਤੇ ਸਾਡੇ ਪੇਸ਼ਾਵਰ ਕੀਰਤਨੀਆਂ ਤੇ ਰਾਗੀਆਂ ਰਬਾਬੀਆਂ ਦਾ ਘੇਰਾ ਉਂਗਲੀਆਂ ਉਤੇ ਗਿਣੇ ਜਾਣ ਜੋਗੇ ਸ਼ਬਦਾਂ ਉਤੇ ਖਤਮ ਹੋ ਜਾਂਦਾ ਹੈ, ਪਰੰਤੂ ਭਾਈ ਸਾਹਿਬ ਜੀ ਦੇ ਜਥੇ ਦੇ ਕੀਰਤਨੀਆਂ ਦੀ ਸ਼ਬਦਾਵਲੀ ਦਾ ਘੇਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮੂੰਹ ਭਾਗਾਂ ਤੋਂ ਅਗੇ ਵਧ ਕੇ, ਭਾਈ ਗੁਰਦਾਸ, ਭਾਈ ਨੰਦ ਲਾਲ (ਸਿੰਘ), ਦਸਮ ਗ੍ਰੰਥ ਅਤੇ ਸਰਬ ਲੋਹ ਪ੍ਰਕਾਸ਼ ਤਕ ਜਾਂਦਾ ਹੈ।

ਭਾਈ ਸਾਹਿਬ ਜੀ ਤੇ ਉਹਨਾਂ ਦੇ ਉਸ ਵੇਲੇ ਦੇ ਮੁਖੀ ਸਿੰਘਾਂ ਦੇ, ਜਿਨ੍ਹਾਂ ਵਿਚੋਂ ਗੁਰੂ ਕ੍ਰਿਪਾਲਤਾ ਨਾਲ ਬਹੁਤ ਸਾਰੇ ਮੌਜੂਦ ਹਨ, ਉਹ ਸਾਰੀ ਬਾਣੀ ਯਾਦ ਸੀ।

ਭਾਵੇਂ ਪਰੇਮ ਪਿਆਰ ਅਤੇ ਵੈਰਾਗ ਦੀ ਅਵਸਥਾ ਕੀਰਤਨ ਪਰੇਮੀਆਂ ਦੀ ਉਜੇਹੀ ਹੀ ਹੁੰਦੀ ਹੈ ਜੋ ਭਾਈ ਸਾਹਿਬ ਜੀ ਦੇ ਸਮੇਂ ਹੁੰਦੀ ਸੀ, ਪਰੰਤੂ ਪ੍ਰਾਪਤੀ ਦੇ ਵੈਰਾਗ ਰਸਮਈ ਅਵਸਥਾ ਦਾ ਅਸੀਂ ਉਜੇਹਾ ਸੁਆਦ ਨਹੀਂ ਮਾਣਦੇ ਜੋ ਭਾਈ ਸਾਹਿਬ ਜੀ ਦੀ ਹਾਜ਼ਰੀ ਵਾਲੇ ਸਮਾਗਮਾਂ ਵਿਚ ਪ੍ਰਾਪਤ ਹੁੰਦਾ ਸੀ।

''ਮੋਹਿ ਗਇਆ ਬੈਰਾਗੀ ਜੋਗੀ, ਘਟਿ ਘਟਿ ਕਿੰਗੁਰੀ ਵਾਈ ॥੯॥''

(ਰਾਮਕਲੀ ਦਖਣੀ ਮਹਲਾ ੧)

''ਬਾਹਰਿ ਢੂਢਨ ਤੇ ਛੂਟਿ ਪਰੇ,<br>
ਗੁਰਿ ਘਰ ਹੀ ਮਾਹਿ ਦਿਖਾਇਆਥਾ ॥<br>
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ,<br>
ਮੇਰਾ ਮਨੁ ਛੋਡਿ ਨ ਕਤਹੂ ਜਾਇਆਥਾ ॥''

(ਮਾਰੂ ਮਹਲਾ ੫)

ਆਦਿਕ ਬਿਸਮਾਦੀ ਅਵਸਥਾ ਵਾਲੇ ਸ਼ਬਦ ਜਿਸ ਔਜ ਤੇ ਪ੍ਰਭਾਵ ਮਈ ਮੁਦਰਾ ਵਿਚ ਭਾਈ ਸਾਹਿਬ ਜੀ ਸੁਣਾਇਆ ਕਰਦੇ ਸਨ, ਉਸ ਦੀ ਘਾਟ ਪੂਰੀ ਹੋਣ ਵਿਚ ਸਮਾਂ ਲਗੇਗਾ।

ਭਾਈ ਸਾਹਿਬ ਜੀ ਦੇ ਜੱਥੇ ਵਿਚ ਅੰਮ੍ਰਿਤ ਪ੍ਰਚਾਰ ਬਹੁਤ ਸ਼ਾਨਦਾਰ ਅਤੇ ਵਿਸਮਾਦੀ ਰੰਗ ਵਿਚ ਕੀਤਾ ਜਾਂਦਾ ਹੈ।

ਅੰਮ੍ਰਿਤ ਪ੍ਰਚਾਰ ਸਮੇਂ ਪਹਿਲਾਂ ਜਗਿਆਸੂਆਂ ਨੂੰ ਅਧਿਕਾਰੀ ਤੇ



www.AKJ.Org

ਅਣ-ਅਧਿਕਾਰੀ ਦੇਖਿਆ ਜਾਂਦਾ ਹੈ, ਚੁਣ ਕੱਢੇ ਲਧੋ-ਵਾਰਿਆਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ, ਏਥੇ ਅੰਨੀ ਕਾਣੀ ਕਬੂਲ ਵਾਲੀ ਗੱਲ ਨਹੀਂ ਕਿ ਦੇਖੀ ਜਾਊ, ਇਕ ਵਾਰੀ ਸਾਡੇ ਘੇਰੇ ਵਿਚ ਤਾਂ ਬੰਦਾ ਆਵੇ ?

ਜਟ ਕਲਰ ਵਿਚ ਕਣਕ ਛੋਲੇ ਨਹੀਂ ਸੁਟਦਾ ਪਹਿਲਾਂ ਵਾਹ ਸਵਾਰ ਕੇ ਜ਼ਮੀਨ ਤਿਆਰ ਕਰਦਾ ਹੈ। ਅੰਮ੍ਰਿਤ ਨੂੰ ਅਣਵਾਹੇ ਖੇਤਾਂ ਰਕੜਾਂ ਬੰਜਰਾਂ ਵਿਚ ਐਵੇਂ ਹੀ ਸੁਟੀ ਜਾਣਾ ਠੀਕ ਨਹੀਂ। ਜਥੇ ਦੇ ਸਿੰਘਾਂ ਦੇ ਘਰੋਗੀ ਝਗੜੇ ਵੀ ਪੰਜਾਂ ਪਿਆਰਿਆਂ ਦੇ ਸਾਹਮਣੇ ਰਖ ਕੇ ਨਜਿਠੇ ਜਾਂਦੇ ਹਨ। (ਕਾਸ਼ ਕਿ, ਪੰਥਕ ਫੈਸਲਿਆਂ ਲਈ ਇਸ ਅਸੂਲ ਦੀ ਵਰਤੋਂ ਹੋਰ ਥਾਵਾਂ ਤੇ ਵੀ ਕੀਤੀ ਜਾਇਆ ਕਰੇ।)

*　　　*　　　*　　　*

ਕੀਰਤਨ ਦੀ ਇਸ ਰਹੱਸਮਈ ਕਲਾ ਪਿਛੇ ਇਕ ਸ਼ਕਤੀ ਤੇ ਰੱਸ ਹੈ, ਜਿਸ ਕਾਰਨ ਇਹ ਅਨੋਖੀ ਕਸ਼ਿਸ਼ ਰਖਦਾ ਹੈ। ਉਸ ਕਸ਼ਿਸ਼ ਦਾ ਕਾਰਨ ਭਾਈ ਸਾਹਿਬ ਜੀ ਦੀ ਸ਼ਖਸੀਅਤ ਦੇ ਅਨੇਕ ਪਖੀ ਕਾਰਨਾਮੇ ਹਨ। ਜਿਸ ਵਿਚ ਵਿਸ਼ੇਸ਼ ਦਰਜਾ ਉਹਨਾਂ ਦੀ ਸਾਧਨਾ ਅਤੇ ਕੁਰਬਾਨੀ ਦਾ ਹੈ। ਭਾਈ ਸਾਹਿਬ ਜੀ ਇਕ ਜੱਜ ਦੇ ਸਪੁਤ੍ਰ ਅਤੇ ਆਪ ਤਹਿਸੀਲਦਾਰ ਸਨ। ਉਸ ਵੇਲੇ ਅਜਿਹੇ ਅਹੁਦੇ ਦੇਸੀ ਲੋਕਾਂ ਲਈ ਸਭ ਤੋਂ ਵਡੇ ਮੰਨੇ ਜਾਂਦੇ ਸਨ। ਜੇ ਭਾਈ ਸਾਹਿਬ ਜੀ ਦੇ ਖਾਨਦਾਨ ਤੇ ਆਰਥਕ ਪਿਛੋਕੜ ਦੇ ਵੱਡਪਣੇ ਨੂੰ ਦੇਖਿਆ ਜਾਵੇ ਤਾਂ ਉਹ ਆਪਣੀ ਆਯੂ ਦੇ ਅੰਤਲੇ ਦਿਨਾਂ ਵਿਚ ਕਮਿਸ਼ਨਰ ਤਕ ਜ਼ਰੂਰ ਪੁਜਦੇ।

ਉਹਨਾਂ ਦੀ ਦੋ ਪਿੰਡਾਂ ਵਿਚ ਜਾਇਦਾਦ ਸੀ, ਜੋ ਸਰਕਾਰ ਨੇ ਜ਼ਬਤ ਕਰ ਲਈ। ਇਹ ਜਾਇਦਾਦ ਭਾਰਤ ਆਜ਼ਾਦ ਹੋਣ ਤੋਂ ਪਿਛੋਂ ਤਕ ਜ਼ਬਤ ਹੀ ਰਹੀ ਹੈ। ਇਸ ਵੇਲੇ ਵੀ ਭਾਈ ਸਾਹਿਬ ਜੀ ਦੀ ਜ਼ਮੀਨ ਦਾ ਤੀਹ ਪੈਂਤੀ ਹਜ਼ਾਰ ਰੁਪਿਆ ਵੀਹ ਪੰਝੀ ਸਾਲਾਂ ਦੇ ਠੇਕੇ ਦਾ ਸਰਕਾਰ ਵਲ ਪਿਆ ਦਸਿਆ ਜਾਂਦਾ ਹੈ, ਜਿਸ ਦੀ ਭਾਈ ਸਾਹਿਬ ਜੀ ਨੇ ਕਦੇ ਜਾਚਨਾ ਨਹੀਂ ਕੀਤੀ। ਇਕ ਵਾਰੀ ਕੁਝ ਵਡੇ ਸਰਕਾਰੀ ਅਫ਼ਸਰਾਂ ਨੇ ਕਿਹਾ ਕਿ ਜੇ ਉਹ ਦਰਖਾਸਤ ਕਰਨ ਤਾਂ ਜਾਇਦਾਦ ਛਡੀ ਜਾ ਸਕਦੀ ਹੈ। ਭਾਈ ਸਾਹਿਬ ਜੀ ਨੇ ਜਵਾਬ ਦਿਤਾ ਤੁਹਾਡੇ ਜਿਹੇ ਮੰਗਤਿਆਂ ਅਗੇ ਮੈਂ ਮੰਗਤਾ ਬਣਾਂ। ਸਰਕਾਰ ਜਿਤਨਾ ਚਿਰ ਚਾਹੁੰਦੀ ਹੈ ਹੋਰ ਜ਼ਬਤ ਕਰੀ ਰਖੇ। ਆਖਰ ੭-੮ ਸਾਲ ਹੋਏ ਕਿ ਸਰਕਾਰ ਨੂੰ ਖ਼ੁਦ ਹੀ ਜ਼ਮੀਨ ਦੀ ਜ਼ਬਤੀ ਦੇ ਆਰਡਰ ਵਾਪਸ ਲੈਣੇ ਪਏ ਅਤੇ ਜ਼ਮੀਨ ਦਾ ਜੋ ਹਜ਼ਾਰਾਂ



www.AKJ.Org

ਰੁਪਈਆ ਠੇਕਿਆਂ ਦਾ ਪਿਆ ਹੈ, ਹਾਲਾਂ ਤਕ ਭਾਈ ਸਾਹਿਬ ਜੀ ਦੇ ਪ੍ਰਵਾਰ ਨੂੰ ਨਹੀਂ ਮਿਲਿਆ ਤੇ ਸ਼ਾਇਦ ਮਿਲੇ ਵੀ ਨ।

ਭਾਈ ਸਾਹਿਬ ਜੀ ਦੇ ਪਰੇਮੀ ਲਖਾਂ-ਪਤੀ ਵੀ ਸਨ ਤੇ ਰਾਜੇ ਅਤੇ ਅਮੀਰ ਵੀ। ਉਹਨਾਂ ਕਿਸੇ ਤਰ੍ਹਾਂ ਦੀ ਕੋਈ ਲਾਭਵੰਦੀ ਵਸਤੂ ਨਹੀਂ ਬਣਾਈ। ਆਪਣਾ ਮਕਾਨ ਜਾਂ ਕੁਟੀਆ ਤਕ ਵੀ ਨਹੀਂ ਛੋਹੀ, ਅਤੇ ਹਰ ਕਿਸਮ ਦਾ ਖਰਚ ਖੇਚਲ ਜਿਵੇਂ ਗੁਰੂ ਪੂਰੀ ਕਰਦਾ ਰਿਹਾ ਉਹ ਪੂਰੀ ਹੁੰਦੀ ਰਹੀ। ਇਸ ਕਿਸਮ ਦਾ ਤਿਆਗ ਅਤੇ ਕੁਰਬਾਨੀ ਸ਼ਾਇਦ ਹੋਰ ਵੀ ਬਹੁਤ ਸਾਰੇ ਸਜਣ ਕਰ ਦਿੰਦੇ ਹੋਣਗੇ, ਪਰੰਤੂ ਕੁਰਬਾਨੀ ਦੇ ਮੈਦਾਨ ਵਿਚ ਜਾਨ-ਜੋਖੋਂ ਤੀਕ ਪਾਉਣ ਤਕ ਜਾਣਾ ਉਹਨਾਂ ਦਾ ਹੋਰ ਮਹਾਨ ਕਾਰਨਾਮਾ ਹੈ। ਜਿਸ ਵੇਲੇ ਆਜ਼ਾਦੀ ਦੀ ਕਲਪਣਾ ਕਰਨੀ ਪਾਪ ਸੀ, ਭਾਈ ਸਾਹਿਬ ਜੀ ਉਸ ਵੇਲੇ ਰਣ-ਖੇਤਰ ਵਿਚ ਉਤਰੇ ਅਤੇ ਦਿਲ ਖੋਲ੍ਹ ਕੇ ਅਮ੍ਰੀਕਾ ਤੋਂ ਆਉਣ ਵਾਲਿਆਂ ਗ਼ਦਰੀ ਬਾਬਿਆਂ ਦੀ ਸੰਭਾਲ ਤੇ ਪਨਾਹ ਦੇਣ ਦੇ ਪ੍ਰਬੰਧ ਕੀਤੇ। ਕਈ ਥਾਵਾਂ ਤੇ ਭੋਰੇ ਪੱਟ ਕੇ ਆਪਣੇ ਜਥੇ ਦੇ ਸਿੰਘਾਂ ਰਾਹੀਂ ਸੰਭਾਲ ਕੀਤੀ। ਸ: ਕਰਤਾਰ ਸਿੰਘ ਸਰਾਭਾ ਅਤੇ ਦੂਜੇ ਸਾਥੀਆਂ ਨੂੰ ਉਸ ਵੇਲੇ ਜੇ ਕਿਸੇ ਨੇ ਸੰਭਾਲਿਆ ਅਤੇ ਦੇਸ਼ ਵਿਚੋਂ ਨਾਲ ਹੋ ਕੇ ਕਿਸੇ ਨੇ ਸਾਥ ਦਿਤਾ ਸੀ ਤਾਂ ਉਹ ਭਾਈ ਸਾਹਿਬ ਜੀ ਦਾ ਹੀ ਜਥਾ ਸੀ। ਅੰਗਰੇਜ਼ ਵਿਰੁਧ ਬਗ਼ਾਵਤ ਕਰਨ ਵਿਚ ਜੋ ਲੰਮੀ ਚੌੜੀ ਜੁਗ-ਪਲਟਾਊ ਸਕੀਮ ਅਤੇ ਫੌਜਾਂ ਤਕ ਨਾਲ ਮਿਲਾਉਣ ਦੀ ਵਿਉਂਤ ਬਣਾਈ ਸੀ, ਉਸ ਵਿਚ ਭਾਈ ਸਾਹਿਬ ਜੀ ਦੇ ਜਥੇ ਦਾ ਪਰੋਗਰਾਮ ਫ਼ੀਰੋਜ਼ਪੁਰ ਕਿਲੇ ਉਤੇ ਕਬਜ਼ਾ ਕਰਨਾ ਸੀ। ਇਸ ਵਿਉਂਤ ਨੂੰ ਇਕ ਭੇਤੀ ਨੇ ਭੇਤ ਦੇ ਕੇ ਫ਼ੇਹਲ ਕਰ ਦਿਤਾ, ਭਾਈ ਸਾਹਿਬ ਜੀ ਦੇ ਕੁਝ ਕੱਚੇ ਸਾਥੀ ਵਾਹਦਾ-ਮੁਆਫ਼ ਗਵਾਹ ਬਣ ਗਏ ਤਾਂ ਇਹ ਜਥਾ ਵੀ ਫੜਿਆ ਗਿਆ, ਜਿਸ ਵਿਚੋਂ ਕਈਆਂ ਨੂੰ ਫਾਂਸੀਆਂ ਤੇ ਉਮਰ-ਕੈਦਾਂ ਹੋਈਆਂ। ਭਾਈ ਸਾਹਿਬ ਜੀ ਨੂੰ ਉਮਰ ਕੈਦ ਕਰ ਕੇ ਕਾਲੇ ਪਾਣੀ ਭੇਜਿਆ ਗਿਆ। ਜਿਥੇ ਉਹਨਾਂ ਨੇ ਤਪ ਤਿਆਗ ਦਾ ਜੀਵਨ ਜੀਉ ਕੇ ਭਾਣੇ ਨੂੰ ਜਿਸ ਤਰ੍ਹਾਂ ਮਿੱਠਾ ਕਰ ਕੇ ਮੰਨਿਆ, ਉਸ ਦੀ ਮਿਸਾਲ ਫੀ ਜ਼ਮਾਨਾ ਘਟ ਹੀ ਮਿਲਦੀ ਹੈ।

ਭਾਈ ਸਾਹਿਬ ਜੀ ਨੇ ਲੰਮੀਆਂ ਭੁਖ ਹੜਤਾਲਾਂ ਰਖੀਆਂ ਪਰੰਤੂ ਸਰੀਰ ਨੂੰ ਹਰ ਕਸ਼ਟ ਵਿਚ ਖਿੜੇ ਮਥੇ ਪਾਇਆ ਤੇ ਤਾਇਆ। ਉਹਨਾਂ ਦੇ ਦੰਦ ਤਕ ਤੋੜੇ ਗਏ ਪਰ ਆਪਣਾ ਬਿਬੇਕ ਜੇਹਲ ਵਿਚ ਵੀ ਨਾ ਟੁਟਣ ਦਿਤਾ। ੪੦ ਦਿਨਾਂ ਤਕ ਭੁਖੇ ਰਹਿ ਕੇ, ਆਪਣੀ ਜ਼ਿੰਦਗੀ ਮੌਤ ਦੇ ਦਰਵਾਜ਼ੇ ਅਗੇ ਸੁਟੀ ਰਖੀ।

ਅੰਤ ਨੂੰ ਸਰਕਾਰ ਝੁਕ ਗਈ ਤੇ ਬਿਬੇਕ ਦੀ ਖੁਲ੍ਹ ਦਿਤੀ ਗਈ। ਭਾਈ ਸਾਹਿਬ ਜੀ ਦੇ ਜੇਹਲ ਦੇ ਜੀਵਨ ਦੇ ਕਾਰਨਾਮੇ ਰੋਂਗਟੇ ਖੜੇ ਕਰਨ ਵਾਲੇ ਹਨ,



www.AKJ.Org

ਜੋ ਉਨ੍ਹਾਂ ਦੀ ਪੁਸਤਕ ਜੇਲ੍ਹ ਚਿੱਠੀਆਂ ਵਿਚ ਪੜ੍ਹੇ ਜਾ ਸਕਦੇ ਹਨ।

ਜੇ ਇਕ ਪਾਸੇ ਉਹਨਾਂ ਦੀ ਜੀਵਨੀ ਆਜ਼ਾਦੀ ਦੇ ਪਹਿਲੇ ਸੰਗਰਾਮੀਆਂ ਵਿਚ ਖਾਸ ਮਹੱਤਤਾ ਰਖਦੀ ਹੈ ਤਾਂ ਦੂਜੇ ਪਾਸੇ ਗੁਰਦੁਆਰਾ ਸੁਧਾਰ ਦੇ ਬਾਨੀ ਵੀ ਕਿਹਾ ਜਾਂਦਾ ਹੈ। ੧੯੦੭-੮ ਵਿਚ ਉਹਨਾਂ ਨੇ ਗੁਰਧਾਮਾਂ ਦੇ ਸੁਧਾਰ ਦਾ ਕੰਮ ਸ਼ੁਰੂ ਕੀਤਾ। ਉਸ ਵੇਲੇ ਸਾਰੇ ਗੁਰ-ਤੀਰਥਾਂ ਦੇ ਮੇਲੇ ਗੰਦੇ ਵਾਯੂ ਮੰਡਲ ਨਾਲ ਭਰੇ ਹੁੰਦੇ ਸਨ, ਇਥੋਂ ਤਕ ਕਿ ਕਈ ਗੁਰਧਾਮਾਂ ਉਤੇ ਲਗਣ ਵਾਲੇ ਮੇਲਿਆਂ ਉਤੇ ਕੰਜਰੀਆਂ ਦੇ ਬਾਜ਼ਾਰ ਵੀ ਲਗਿਆ ਕਰਦੇ ਸਨ। ਭਾਈ ਸਾਹਿਬ ਜੀ ਨੇ ਇਹਨਾਂ ਬੁਰਾਈਆਂ ਦੇ ਸੁਧਾਰ ਦਾ ਬੀੜਾ ਚਮਕੌਰ ਸਾਹਿਬ ਤੋਂ ਚੁਕਿਆ ਅਤੇ ਅਨੰਦਪੁਰ ਸਾਹਿਬ ਹੋਲੇ ਦੇ ਜੋੜ ਮੇਲੇ ਸਮੇਂ ਦੋ ਕੁ ਸੌ ਸਿੰਘਾਂ ਦੇ ਜਥੇ ਨਾਲ ਸਾਰੇ ਮੇਲੇ ਦੀ ਅਜਿਹੀ ਸੋਧ ਸੁਧਾਈ ਕੀਤੀ ਕਿ ਫਿਰ ਜਿਸ ਮੇਲੇ ਉਤੇ ਵੀ ਕੋਈ ਇਹ ਆਖ ਦਿੰਦਾ ਕਿ 'ਏਥੇ ਭਾਈ ਸਾਹਿਬ ਜੀ ਦਾ ਜਥਾ ਆਇਆ ਹੈ' ਗੁੰਡੇ ਅਤੇ ਗੰਦੇ ਲੋਕ ਚਮੜੀਆਂ ਬਚਾ ਕੇ ਨਸ ਟੁਟਦੇ ਤੇ ਜੋ ਰਹਿ ਜਾਂਦੇ ਤੇ ਆਪਣੀਆਂ ਕਰਤੂਤਾਂ ਤੋਂ ਇਸਤਰੀਆਂ ਨੂੰ ਛੇੜਨ ਤੇ ਸ਼ਰਾਬਾਂ ਪੀਣ ਤੋਂ ਨ ਹਟਦੇ, ਉਹਨਾਂ ਦੀ ਸੁਧਾਈ ਜਥੇ ਦੇ ਸਿੰਘਾਂ ਵਲੋਂ ਖੂਬ ਚੰਗੀ ਤਰ੍ਹਾਂ ਕੀਤੀ ਜਾਂਦੀ। ਇਸ ਤਰ੍ਹਾਂ ਗੁਰਧਾਮਾਂ ਦੀ ਪਵਿਤਰਤਾ ਬਚਾਉਣ ਦਾ ਬੀੜਾ ਉਠਾਇਆ ਹੋਇਆ ਸੀ। ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਈ ਗਈ, ਉਸ ਵਿਚ ਭਾਈ ਸਾਹਿਬ ਜੀ ਨੇ ਆਪਣੇ ਸ਼ਹੀਦੀ ਜਥੇ ਨੂੰ ਨਾਲ ਲੈ ਕੇ ਕੰਧ ਮੁੜ ਬਨਾਉਣ ਦਾ ਐਲਾਨ ਕੀਤਾ ਤਾਂ ਸਰਕਾਰ ਘਾਬਰ ਗਈ। ਇਕ ਪਾਸੇ ਉਹਨਾਂ ਨੂੰ ਗੌਰਮਿੰਟ ਦਾ ਸਾਥ ਨਾ ਦੇਣ ਵਾਲੇ ਸਮਝ ਕੇ 'ਅਸਿੱਖ' ਤਕ ਕਿਹਾ ਗਿਆ, ਦੂਜੇ ਪਾਸੇ ਸਰਕਾਰ ਦੇ ਕੰਨ ਭਰੇ ਗਏ ਕਿ ਇਹ ਜੱਥਾ ਕਿਸੇ ਵੇਲੇ ਵੀ ਖਤਰਨਾਕ ਸਿਧ ਹੋ ਸਕਦਾ ਹੈ। ਓਧਰ ਆਪ ਜੀ ਦੇਸ਼ ਆਜ਼ਾਦੀ ਤੇ ਅੰਗਰੇਜ਼ ਵਿਰੋਧੀ ਸਕੀਮਾਂ ਵਿਚ ਹਿਸਾ ਲੈਣ ਕਰ ਕੇ ਸਰਕਾਰ ਦੀ ਅੱਖ ਵਿਚ ਪਹਿਲਾਂ ਹੀ ਕਣ ਵਾਂਗ ਰੜਕਦੇ ਸਨ। ਇਉਂ ਭਾਈ ਸਾਹਿਬ ਜੀ ਨੂੰ ਜਥੇ ਸਮੇਤ ਫੜ ਕੇ ਉਮਰ ਭਰ ਲਈ ਪਿੰਜਰੇ ਵਿਚ ਬੰਦ ਕਰ ਦਿਤਾ ਗਿਆ।

ਭਾਈ ਸਾਹਿਬ ਜੀ ਦੇ ਜੀਵਨ ਦਾ ਮਹਾਨ ਪਹਿਲੂ ਉਹਨਾਂ ਦਾ ਗੁਰਬਾਣੀ ਪ੍ਰਤੀ ਪਰੇਮ ਅਤੇ ਅਧਿਆਤਮਕ ਜੀਵਨ ਹੈ, ਜਿਸ ਦੀ ਲਗਨ ਆਪ ਨੂੰ ਲਾਹੌਰ ਕਾਲਜ ਵਿਚ ਬੀ. ਏ. ਦੀਆਂ ਕਲਾਸਾਂ ਪੜ੍ਹਨ ਸਮੇਂ ਲਗ ਗਈ ਸੀ।

੧੯੦੩ ਵਿਚ ਬਕਾਪੁਰ ਪੰਥਕ ਸਮਾਗਮ ਹੋਇਆ, ਜਿਸ ਵਿਚ ਮੌਲਵੀ ਕਰੀਮ ਬਖ਼ਸ਼ ਨੂੰ ਸਿੰਘ ਸਜਾਇਆ ਗਿਆ, ਜੋ 'ਸੰਤ ਲਖਮੀਰ ਸਿੰਘ ਜੀ' ਕਰ ਕੇ ਪ੍ਰਸਿਧ ਹੋਏ। ਭਾਈ ਸਾਹਿਬ ਜੀ ਨੇ ਏਸੇ ਸਮਾਗਮ ਵਿਚ ਹੀ ਅੰਮ੍ਰਿਤ ਛਕਿਆ ਸੀ। ਉਸ ਪਿਛੋਂ ਕੁਝ ਚਿਰ ਐਬਟਾਬਾਦ ਸਰਕਾਰੀ ਨੌਕਰੀ, ਫਿਰ ਖ਼ਾਲਸਾ



www.AKJ.Org

ਕਾਲਜ ਦੀ ਸੁਪ੍ਰਟੰਡੰਟੀ ਦੀ ਸੇਵਾ ਨਿਭਾਈ। ਪੰਚ ਖ਼ਾਲਸਾ ਦੀਵਾਨ ਸ੍ਰੀ ਦਮਦਮਾ ਸਾਹਿਬ ਜੀ ਦੀ ਸੇਵਾ ਕੀਤੀ।

ਗੁਰਦਵਾਰਾ ਰਕਾਬ ਗੰਜ ਦੀ ਕੰਧ ਢਾਏ ਜਾਣ ਤੋਂ ਭਾਈ ਸਾਹਿਬ ਜੀ ਸਿਧੇ ਹੋ ਕੇ ਸਰਕਾਰ ਵਿਰੋਧੀ ਅੰਦੋਲਨਾਂ ਵਿਚ ਹਿਸਾ ਲੈਣ ਲਗ ਪਏ, ਜਿਸ ਦਾ ਫਲ ਸਾਜ਼ਸ਼ ਨੰਬਰ ੨ ਕੇਸ ਵਿਚ ਉਮਰ ਕੈਦ ਦੀ ਪ੍ਰਾਪਤੀ ਹੋਈ। ਭਾਈ ਸਾਹਿਬ ਜੀ ਨੇ ਜੇਲ੍ਹ ਨੂੰ 'ਤਪ ਅਸਥਾਨ' ਬਣਾ ਲਿਆ। ੧੬-੧੭ ਸਾਲ ਜੇਲ੍ਹ-ਕੋਠੜੀਆਂ ਸਿਮਰਨ ਦੀਆਂ ਗੁਫਾ ਬਣੀਆਂ ਰਹੀਆਂ।

ਜੇਲ੍ਹ ਤੋਂ ਬਾਹਰ ਆਏ ਤਾਂ ਉਹਨਾਂ ਦਾ ਪੰਥ ਦੇ ਹਰ ਤਬਕੇ ਵਲੋਂ ਸਤਕਾਰ ਕੀਤਾ ਜਾਂਦਾ ਰਿਹਾ। ਬਹੁਤ ਸਾਰੇ ਗੁਰਦੁਆਰਿਆਂ ਦੇ, ਖਾਸ ਕਰਕੇ ਤਰਨਤਾਰਨ ਦੀ ਕਾਰ-ਸੇਵਾ, ਸ੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ, ਪਟਨਾ ਸਾਹਿਬ, ਪਾਉਂਟਾ ਸਾਹਿਬ ਆਦਿਕ ਗੁਰਧਾਮਾਂ ਦੇ ਪਥਰ ਰੱਖਣ ਲਈ ਜਦੋਂ ਜਦੋਂ ਵੀ ਪੰਥ ਵਿਚੋਂ ਕਰਨੀ ਵਾਲੇ ਸਿੰਘਾਂ ਦੀ ਚੋਣ ਦਾ ਸਵਾਲ ਪੈਦਾ ਹੋਇਆ ਤਾਂ ਆਪ ਜੀ ਦਾ ਨਾਮ ਸਭ ਤੋਂ ਪਹਿਲੇ ਆਇਆ। ਸ੍ਰੀ ਅਕਾਲ ਤਖ਼ਤ ਤੋਂ ਆਪ ਜੀ ਨੂੰ ਉਚੇਰਾ ਹੁਕਮਨਾਮਾ ਤੇ ਸਿਰਪਾਉ ਦੀ ਬਖਸ਼ਸ਼ ਹੋਈ। ਜੇਲ੍ਹ-ਯਾਤਰਾ ਪਿਛੋਂ ਭਾਈ ਸਾਹਿਬ ਜੀ ਨੇ ਕੀਰਤਨ-ਸਮਾਗਮਾਂ ਦਾ ਪ੍ਰਵਾਹ ਚਲਾ ਦਿਤਾ ਅਤੇ ਗੁਰਮਤ ਬਾਰੇ ਲੇਖ ਤੇ ਪੁਸਤਕਾਂ ਲਿਖ ਕੇ ਨਿਗਰ ਸੇਵਾ ਕੀਤੀ। ਪਰੰਤੂ ਸਭ ਤੋਂ ਮਹਾਨ ਤੇ ਰਸੀਲੀ ਸੇਵਾ ਆਪ ਜੀ ਵਲੋਂ ਪ੍ਰਗਟਾਈ, ਅਖੰਡ ਕੀਰਤਨ ਤੇ ਰੈਣ ਸਬਾਈ ਕੀਰਤਨ-ਲੜੀ ਦੀ ਹੈ ਜਿਸ ਨੇ ਹਜ਼ਾਰਾਂ ਸੰਗਤਾਂ ਨੂੰ ਪ੍ਰਭਾਵਤ ਕੀਤਾ ਹੈ। ਜੋ ਮਾਣ ਪੰਥ ਵਲੋਂ ਭਾਈ ਸਾਹਿਬ ਜੀ ਨੂੰ ਦਿਤਾ ਗਿਆ ਇਹ ਉਹਨਾਂ ਦੀ ਕਰੜੀ ਸਾਧਨਾ ਗੁਰਮਤ ਜੀਵਨ ਦੀ ਧਾਰਨਾ ਕਰ ਕੇ ਸੀ। ਉਹਨਾਂ ਦੇ ਚਲਾਣੇ ਸਮੇਂ ਗੁਜਰਵਾਲ ਦੀ ਢਾਬ ਉਤੇ ਜਿਥੇ ਭਾਈ ਸਾਹਿਬ ਜੀ ਦਾ ਸਸਕਾਰ ਕੀਤਾ ਗਿਆ ਸੀ, ਸਰਕਾਰੀ ਅਤੇ ਜਨਤਾ ਦੀਆਂ ਸ਼ਰਧਾਂਜਲੀਆਂ ਦੇ ਜਵਾਬ ਵਿਚ ਬਾਬੂ ਮੱਲ ਸਿੰਘ ਜੀ ਨ ਐਲਾਨ ਕੀਤਾ ਸੀ ਕਿ,

> ਭਾਈ ਸਾਹਿਬ ਜੀ ਦੀ ਕੋਈ ਸੰਪਰਦਾਏ ਨਹੀਂ ਚਲੇਗੀ, ਕੋਈ ਗਦੀਦਾਰ ਵਾਰਸ ਨਹੀਂ ਬਣੇਗਾ । ਕੋਈ ਯਾਦਗਾਰ ਨਹੀਂ ਬਣਾਈ ਜਾਵੇਗੀ। ਏਹ ਭਾਈ ਸਾਹਿਬ ਜੀ ਦੇ ਹੁਕਮ ਹਨ, ਇਹਨਾਂ ਦੀ ਪਾਲਣਾ ਕੀਤੀ ਜਾਵੇਗੀ।

ਉਹਨਾਂ ਦੀ ਵਿਚਾਰ ਅਖਾੜਿਆਂ ਵਿਚ ਇਕ ਵਡੀ ਦੇਣ ਹੈ, ਵਿਚਾਰ ਗੋਸ਼ਟੀਆਂ ਵਿਚ ਹਿਸਾ ਲੈਣਾ ਤੇ ਆਪਣਾ ਮਤ ਪੇਸ਼ ਕਰ ਕੇ ਗੁਰਮਤਿ ਦੀ ਖੋਜ ਦੀ ਪਰੇਰਨਾ ਦੇਣੀ। ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ-ਪ੍ਰਸਤੀ ਹੈ?



www.AKJ.Org

ਪੁਸਤਕ ਉਹਨਾਂ ਦੀ ਇਕ ਅੰਗਰੇਜ਼ ਨਾਲ ਹੋਈ ਚਰਚਾ ਦਾ ਹੀ ਪੰਜਾਬੀ ਰੂਪ ਹੈ। ਭਾਈ ਸਾਹਿਬ ਜੀ ਦਾ ਮਾਸ ਬਾਰੇ ਖਰੜਾ ਵੀ ਭਸੌੜ ਦੇ ਪੰਚ ਖਾਲਸਾ ਦੀਵਾਨ ਦੀ ਇਕ ਗੋਸ਼ਟੀ ਦਾ ਹੀ ਸਿਟਾ ਹੈ।

ਖ਼ੈਰ, ਕੁਝ ਵੀ ਹੈ, ਪਰੰਤੂ ਭਾਈ ਸਾਹਿਬ ਜੀ ਵਿਚਾਰ ਗੋਸ਼ਟੀਆਂ ਦੇ ਵਿਰੋਧੀ ਨਹੀਂ ਸਨ। ਅਸੀਂ ਉਹਨਾਂ ਨਾਲ ਕੁਝ ਮਸਲਿਆਂ ਤੇ ਖ਼ੁਦ ਬਹਿਸ ਕਰਦੇ ਤੇ ਕਈ ਗਲਾਂ ਵਿਚ ਉਹਨਾਂ ਦੀ ਅਸ਼ੀਰਵਾਦ ਨਾਲ ਬਹਿਸ ਅਖਾੜਿਆਂ ਵਿਚ ਹਿੱਸਾ ਲੈਂਦੇ ਰਹੇ ਹਾਂ।

ਭਾਈ ਸਾਹਿਬ ਜੀ ਦੀ ਅਧਿਆਤਮਕ ਖੇਤਰ ਵਿਚ ਇਕ ਵਡੀ ਦੇਣ ਮੰਨੀ ਜਾਂਦੀ ਹੈ ਗੁਰਬਾਣੀ ਨੂੰ ਨਾਮ ਤੋਂ ਭਿੰਨ ਦਰਸਾਉਣ ਦੀ। ਗੁਰਮੰਤਰ ਬਾਰੇ ਪੰਥ ਵਿਚ ਕਈ ਭੁਲੇਖੇ ਹੁਣ ਤਕ ਹਨ। ਕਈ ਅੰਮ੍ਰਿਤ ਪ੍ਰਚਾਰ ਮੂਲ ਮੰਤਰ ਨੂੰ ਗੁਰਮੰਤਰ ਦੇ ਰੂਪ ਵਿਚ ਦ੍ਰਿੜ ਕਰਵਾਉਂਦੇ ਹਨ, ਕਈ ਸਤਿਨਾਮ ਵਾਹਿਗੁਰੂ ਨੂੰ ਗੁਰਮੰਤਰ ਆਖਦੇ ਹਨ। ਪਰੰਤੂ ਭਾਈ ਸਾਹਿਬ ਜੀ ਨੇ ਸਮੂੰਹ ਗੁਰਬਾਣੀ ਨੂੰ ਗੁਰਮੰਤ੍ਰ ਦੀ ਵਿਆਖਿਆ ਤੇ ਸਿਫ਼ਤ ਦਰਸਾ ਕੇ, ਮੂਲ ਮੰਤਰ 'ਵਾਹਿਗੁਰੂ' ਨੂੰ ਭਿੰਨ ਦਰਸਾਉਣ ਤੇ ਪ੍ਰਚਾਰਨ ਦੀ ਸੇਵਾ ਕੀਤੀ ਹੈ। ਗੁਰਮਤਿ ਲੇਖ ਪੁਸਤਕ ਵਿਚ ਉਹਨਾਂ ਦੇ ਕੁਝ ਲੇਖਾਂ ਵਿਚ ਇਸ ਦੀ ਵਿਸ਼ੇਸ਼ ਚਰਚਾ ਹੈ। ਪਰੰਤੂ ਅਜ ਕਲ੍ਹ ਇਸ ਜਥੇ ਵਿਚ ਗੁਰ-ਮੰਤਰ ਨੂੰ ਗੁਰਬਾਣੀ ਨਾਲ ਮਿਲਾਉਣ ਦੀ ਪਿਰਤ ਜ਼ੋਰਾਂ ਤੇ ਹੈ। ਜਿਸ ਵਲ ਧਿਆਨ ਦੇਣ ਦੀ ਲੋੜ ਹੈ।

ਭਾਈ ਸਾਹਿਬ ਜੀ ਦੀ ਲੇਖਕ ਨੂੰ ਵੀ ਨੇੜਤਾ ਪ੍ਰਾਪਤ ਰਹੀ ਹੈ। ਸਿੰਘਾਂ ਉਤੇ ਮਸਤੀਆਂ ਵੀ ਆਉਂਦੀਆਂ ਦੇਖੀਆਂ ਹਨ ਜਿਸ ਨਾਲ ਕਈ ਕਈ ਪਰੇਮੀ ਦੋ ਦੋ ਦਿਨ ਗੂੰਦੇ ਰਹਿੰਦੇ ਸਨ। ਇਸ਼ਾਰੇ ਮਾਤ੍ਰ ਕਿਸੇ ਤੁਕ ਜਾਂ ਗੁਰਵਾਕ ਉਤੇ ਇਕ ਅਧ ਵਾਰ ਜ਼ਰੂਰ ਅੰਤਰ ਆਤਮੇ ਇਸ ਚੀਜ਼ ਨੂੰ ਜਾਰੀ ਰਖਣ ਲਈ ਟੁੰਬ ਦਿਤਾ ਜਾਂਦਾ ਸੀ। 'ਧੰਨ ਗੁਰੂ ਗੋਬਿੰਦ ਸਿੰਘ' 'ਧੰਨ ਗੁਰੂ ਨਾਨਕ' ਦੀਆਂ ਧੁਨੀਆਂ ਜ਼ਰੂਰ ਉਠਦੀਆਂ ਸਨ।

ਭਾਈ ਸਾਹਿਬ ਜੀ ਦੇ ਸਮੇਂ ਗੁਟਕਿਆਂ ਤੇ ਪੋਥੀਆਂ ਦੀ ਕੀਰਤਨ ਵਿਚ ਵਰਤੋਂ ਨਹੀਂ ਹੁੰਦੀ ਸੀ। ਉਨ੍ਹਾਂ ਦੇ ਖ਼ੁਦ ਗੁਰਬਾਣੀ ਇਤਨੀ ਕੰਠ ਸੀ ਕਿ ਇਹਨਾਂ ਸਹਾਰਿਆਂ ਤੋਂ ਬਿਨਾਂ ਹੀ ਕੰਮ ਚਲ ਜਾਂਦਾ ਸੀ। ਹੁਣ ਹਰ ਸਿੰਘ ਪਹਿਲਾਂ ਵਾਜੇ ਉਤੇ ਪੋਥੀ ਜਾਂ ਗੁਟਕਾ ਖੋਲ੍ਹ ਕੇ ਕੀਰਤਨ ਅਰੰਭ ਕਰਦਾ ਹੈ। ਕੋਈ ਉਚੀ ਥਾਂ ਬੈਠਾ ਹੋਵੇ ਕੋਈ ਨੀਵੀਂ ਥਾਂ ਹੋਵੇ ਇਸ ਦੀ ਵੀ ਪ੍ਰਵਾਹ ਨਹੀਂ ਕੀਤੀ ਜਾਂਦੀ। ਪਰੰਤੂ ਫਿਰ ਵੀ ਬਹੁਤ ਸਾਰੇ ਗੁਰਮੁਖ ਹਨ ਜੋ ਸ਼ਬਦ ਕੰਠਾਗਰ ਕਰਕੇ ਗਾਉਂਦੇ ਪੜ੍ਹਦੇ ਹਨ। ਪਰੰਤੂ ਉਹ ਘਟਦੇ ਜਾ ਰਹੇ ਹਨ।


www.AKJ.Org

ਪੋਥੀਆਂ ਦੀ ਹੋਂਦ ਨਾਮੁਨਾਸਬ ਨਹੀਂ । ਇਸ ਖਿਆਲ ਨਾਲ ਇਕ ਦੋ ਸਿੰਘਾਂ ਪਾਸ ਪੋਥੀ ਹੋਵੇ, ਕਿ ਕਿਧਰੇ ਭੁਲ ਭੁਲਾਈ ਨ ਹੋ[illegible] ਸਗੋਂ ਉਚਿਤ ਹੈ। ਪਰੰਤੂ ਜਿਸ ਤਰ੍ਹਾਂ ਹੁਣ ਇਸ ਅਦਬ ਤੇ ਪਰੇਮ ਵ[illegible] ਵਿਚ ਅਚੇਤ ਹੀ ਬੇਅਦਬੀ ਹੁੰਦੀ ਹੈ । ਇਸ ਦਾ ਜ਼ਰੂਰ ਕੋਈ ਉਪਾਉ ਸੋਚਣਾ ਚਾਹੀਦਾ ਹੈ ।

੧੯੪੦ ਤੋਂ ਲੈ ਕੇ ਲੇਖਕ ਨੂੰ ਭਾਈ ਸਾਹਿਬ ਜੀ ਨਾਲ ਘਣਾ ਵਾਹ ਵਾਸਤਾ ਤੇ ਪਰੇਮ ਪਿਆਰ ਰਿਹਾ ਹੈ, ਜਿਸ ਦੀ ਪਰੇਮ ਕਣੀ ਮਨ ਅੰਦਰ ਡੂੰਘੀ ਖੁਭੀ ਹੋਈ ਹੈ । ਏਸ ਸਮੇਂ ਸਭਨਾਂ ਮਹਾਂ ਪੁਰਖਾਂ ਨਾਲੋਂ ਵੱਧ ਸਤਿਕਾਰ ਵਾਲੀ ਥਾਂ ਅਸਾਡੇ ਮਨ ਵਿਚ ਉਨ੍ਹਾਂ ਲਈ ਹੀ ਹੈ । ਏਸੇ ਲਈ ਜ਼ਰੂਰੀ ਸਮਝਿਆ ਹੈ ਕਿ ਭਾਈ ਸਾਹਿਬ ਜੀ ਦੇ ਅਕਾਲ ਚਲਾਣੇ ਦੇ ਦਿਨ ਉਤੇ ਸ਼ਰਧਾਂਜਲੀ ਭੇਟ ਕੀਤੀ ਜਾਵੇ ।

---

## ਜ਼ਰੂਰੀ ਬੇਨਤੀ

ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀ ਸਾਰੀ ਆਯੂ ਵਿਚ ਨਾਮ ਦੇ ਰੰਗਾਂ ਵਿਚ ਮਸਤ ਹੋ ਕੇ ਜੋ ਪੁਸਤਕਾਂ ਰਚੀਆਂ । ਉਹਨਾਂ ਪੁਸਤਕਾਂ ਦਾ ਹਰ ਗੁਰਸਿਖ ਘਰਾਣੇ ਵਿਚ ਹੋਣਾ ਲਾਜ਼ਮੀ ਹੈ । ਸੋ ਅਜ ਹੀ ਹੇਠ ਲਿਖੇ ਪੱਤੇ ਤੋਂ ਉਹ ਅਮੋਲਕ ਪੁਸਤਕਾਂ ਪ੍ਰਾਪਤ ਕਰ ਕੇ ਪੂਰਨ ਗੁਰਮਤਿ ਦੀ ਜਾਣਕਾਰੀ ਪ੍ਰਾਪਤ ਕਰੋ ।

ਚਿੱਠੀ ਪੱਤਰ ਕਰਨ ਦਾ ਪਤਾ :— ਅਖੰਡ ਕੀਰਤਨੀ ਜੱਥਾ

ਭਾਈ ਰਣਜੀਤ ਸਿੰਘ ਪਟਿਆਲਾ

ਪਬਲਿਕ ਹੈਲਥ ਡਵੀਜਨ, ਪਟਿਆਲਾ

---



www.AKJ.Org

# ਡਿੱਠੇ, ਸੁਣੇ ਤੇ
# ਹਡੀਂ ਵਾਪਰੇ ਵਿਰਤਾਂਤ (੧)

(ਭਾਈ ਸਾਹਿਬ ਭਾਈ ਸੁਰਜਨ ਸਿੰਘ ਜੀ ਗੁਜਰਵਾਲ)

ਸ੍ਰੀ ਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਦਰਸ਼ਨ ਤਾਂ ਦਾਸ ਨੂੰ ਸੰਨ ੧੯੦੨ ਤੋਂ ਹੁੰਦੇ ਰਹੇ ਹਨ, ਪਰ ਰੱਬੀ ਰੰਗਾਂ ਵਿਚ ਰਤੇ ਹੋਏ ਦੇ ਅਸਲ ਅਨੂਠੇ ਦਰਸ਼ਨ ਸੰਨ ੧੯੧੧ ਵਿਚ ਹੋਏ । ਉਸ ਵਕਤ ਦੀਆਂ ਆਤਮਿਕ ਰੰਗਾਂ ਦੀਆਂ ਗਲਾਂ ਕਹਿਣ ਤੋਂ ਬਾਹਰ ਹਨ ।

## ਅਖੰਡ-ਪਾਠ ਤੇ ਅੰਮ੍ਰਿਤ ਸਮਾਗਮ ਦਾ ਤੁਰਤ ਫੁਰਤੀ ਪ੍ਰਭਾਵ

ਦਾਸ ਨੇ ਸੰਨ ੧੯੧੧ ਵਿਚ, ਪਿੰਡ ਫਲੇਵਾਲ ਜ਼ਿਲਾ ਲੁਧਿਆਣਾ ਵਿਚ ਕਿਸੇ ਸਿੰਘ ਦੇ ਘਰ ਰਚੇ ਸਮਾਗਮ ਵਿਚ ਅੰਮ੍ਰਿਤ ਛਕਿਆ ਸੀ । ਇਹ ਸਜਣ ਗੀਠੀਏ ਦੀ ਬੀਮਾਰੀ ਨਾਲ ਜੁੜਿਆ ਪਿਆ ਸੀ, ਇਲਾਜ ਕਰਾ ਕਰਾ ਕੇ ਥਕ ਗਿਆ ਸੀ, ਪਰ ਗੰਢੜੀ ਬਝੀ ਪਈ ਸੀ । ਇਨ੍ਹਾਂ ਨੂੰ ਇਕ ਜੱਥੇ ਦੇ ਸਿੰਘ ਦੀ ਪ੍ਰੇਰਨਾ ਦੁਆਰਾ ਇੱਛਾ ਹੋਈ ਕਿ ਜੇ ਮੇਰੀ ਬੀਮਾਰੀ ਹਟ ਜਾਏ ਤਾਂ ਮੈਂ ਇਕ ਤਾਂ ਅਖੰਡਪਾਠ ਕਰਾਵਾਂਗਾ ਅਤੇ ਦੂਜਾ ਸਾਰਾ ਪ੍ਰਵਾਰ ਅੰਮ੍ਰਿਤ ਛਕਾਂਗੇ । ਇਸ ਕਰਕੇ ਸਮੇਤ ਭਾਈ ਸਾਹਿਬ ਜੀ ਦੇ, ਜੱਥੇ ਨੇ ਪਹੁੰਚ ਕੇ ਅਖੰਡ ਪਾਠ ਅਰੰਭ ਕਰ ਦਿਤਾ। ਇਸ ਦਾ ਫਲ ਇਹ ਹੋਇਆ ਕਿ ਜਦੋਂ ਅਖੰਡ ਪਾਠ ਮਧ ਵਿਚ ਆਇਆ ਤਾਂ ਇਸ ਸਿੰਘ ਨੂੰ ਦੋਹਾਂ ਸਿੰਘਾਂ ਨੇ ਫੜ ਕੇ ਖੜਾ ਕਰ ਦਿਤਾ, ਸਾਰੀ ਅਰਦਾਸ ਇਸ ਨੇ ਖੜੇ ਹੋ ਕੇ ਸੁਣੀ । ਅਖੰਡ ਪਾਠ ਦੇ ਭੋਗ ਦੀ ਸਮਾਪਤੀ ਦੇ ਬਾਦ ਸਾਰਾ ਪ੍ਰਵਾਰ ਅੰਮ੍ਰਿਤ ਛਕਣ ਵਾਸਤੇ ਤਿਆਰ ਹੋ ਗਿਆ । ਨਾਲ ਹੀ ਦਾਸ ਨੂੰ ਵੀ ਅੰਮ੍ਰਿਤ ਛਕਣ ਵਾਸਤੇ ਤਿਆਰ ਕੀਤਾ ਗਿਆ । ਪੰਜਾਂ ਪਿਆਰਿਆਂ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਪ ਸ਼ਾਮਲ ਸਨ ।

ਅੰਮ੍ਰਿਤ ਸੰਚਾਰ ਹੋਇਆ, ਸਾਰੇ ਪਰਿਵਾਰ ਨੇ ਅੰਮ੍ਰਿਤ ਛਕਿਆ ਤੇ ਦਾਸ ਨੂੰ ਵੀ ਅੰਮ੍ਰਿਤ ਦੀ ਦਾਤ ਉਥੋਂ ਪ੍ਰਾਪਤ ਹੋਈ । ਜਿਹੜਾ ਸਿੰਘ ਬੀਮਾਰ ਸੀ, ਅੰਮ੍ਰਿਤ ਛਕਦੇ ਸਾਰ ਉਸ ਦੀ ਬਿਮਾਰੀ ਦੂਰ ਹੋ ਗਈ ਤੇ ਉਹ ਤੁਰਨ ਫਿਰਨ



www.AKJ.Org

ਲਗ ਪਿਆ। ਦਾਸ ਦੀ ਹਾਲਤ ਨੂੰ ਉਸ ਵਕਤ ਗੁਰੂ ਸਰੂਪ ਪੰਜ ਪਿਆਰੇ ਦੇਖ ਰਹੇ ਸਨ, ਦਾਸ ਉਸ ਵਕਤ ਦਾ ਬਿਆਨ ਨਹੀਂ ਕਰ ਸਕਦਾ। ਪੰਦਰਾਂ ਦਿਨਾਂ ਤਕ ਮੇਰੀ ਹਾਲਤ ਇਸੇ ਤਰ੍ਹਾਂ ਬਾਵਰੀ ਜਿਹੀ ਰਹੀ।

## ਘਰ ਦਿਆਂ ਵਲੋਂ ਸਖ਼ਤੀ

ਦਾਸ ਦਾ ਪਿਤਾ ਦਾਸ ਦੀ ਹਾਲਤ ਨੂੰ ਦੇਖ ਕੇ ਗੁਸੇ ਹੋਣ ਲਗ ਪਿਆ। ਸਾਡਾ ਘਰਾਣਾ ਤੇ ਸਭ ਰਿਸ਼ਤੇਦਾਰ ਨਾਮ-ਧਾਰੀਏ ਸਨ। ਉਹ ਦਾਸ ਨਾਲ ਸਖ਼ਤ ਨਰਾਜ਼ ਹੋਏ। ਉਸ ਵਕਤ ਹੀ ਦਾਸ ਨਾਲ ਸਖਤੀ ਹੋਣੀ ਸ਼ੁਰੂ ਹੋ ਗਈ। ਸਾਡੇ ਰਿਸ਼ਤੇਦਾਰ ਨਾਮ-ਧਾਰੀਏ ਵੀ ਆ ਗਏ। ਦਾਸ ਨੂੰ ਥਮਲੇ ਨਾਲ ਬੰਨ੍ਹ ਦਿਤਾ ਗਿਆ। ਸੱਤ ਦਿਨਾਂ ਤੋਂ ਬਾਦ ਦਾਸ ਨੂੰ ਬੱਝੇ ਬਝਾਏ ਨੂੰ ਕੁਟਿਆ ਗਿਆ। ਡੰਡਾ ਦਾਸ ਦੇ ਹਥ ਵਿਚ ਫੜੇ ਹੋਏ ਗੁਟਕੇ ਤੇ ਲਗਾ। ਇਸ ਦਾ ਫਲ ਇਹ ਹੋਇਆ ਕਿ ਦਾਸ ਦੇ ਪਿਤਾ ਜੀ ਨੂੰ ਬੁਖ਼ਾਰ ਹੋ ਗਿਆ। ਅਖੀਰ ਦਾਸ ਨੂੰ ਖੋਲ ਦਿਤਾ ਗਿਆ।

## ਰਸ-ਪ੍ਰਾਪਤੀ ਦਾ ਕਾਰਨ ਕੀ ਸੀ?

ਦਾਸ ਛੁਟਦੇ ਸਾਰ ਹੀ ਨਾਰੰਗਵਾਲ, ਭਾਈ ਸਾਹਿਬ ਜੀ ਦੇ ਕੋਲ ਚਲਾ ਗਿਆ ਤੇ ਸਾਰਾ ਵਿਰਤਾਂਤ ਜਾ ਕੇ ਸੁਣਾਇਆ। ਭਾਈ ਸਾਹਿਬ ਜੀ ਬਹੁਤ ਖ਼ੁਸ਼ ਹੋਏ ਤੇ ਕਿਹਾ ਕਿ ਚੰਗਾ ਹੋਇਆ, ਤੁਸੀਂ ਆ ਗਏ। ਮੈਂ ਭਾਈ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਪੰਦਰਾਂ ਦਿਨ ਤਾਂ ਨਾਮ ਦੀ ਖੁਮਾਰੀ ਚੜ੍ਹੀ ਰਹੀ ਹੈ, ਹੁਣ ਕਿਉਂ ਹਟ ਗਈ ਹੈ? ਭਾਈ ਸਾਹਿਬ ਜੀ ਕਹਿਣ ਲਗੇ, "ਜਿਹੜੇ ਰਸ ਹੁਣ ਤਕ ਮਾਣੇ ਹਨ, ਇਹ ਪੰਜਾਂ ਪਿਆਰਿਆਂ ਦੀ ਕਮਾਈ ਦਾ ਫਲ ਸੀ। ਹੁਣ ਤੁਸੀਂ ਇਕਾਂਤ ਵਿਚ ਜਾਇਆ ਕਰੋ ਤੇ ਨਾਮ-ਅਭਿਆਸ ਦੀ ਕਮਾਈ ਕਰਿਆ ਕਰੋ।" ਦਾਸ ਨੇ ਫਿਰ ਭਾਈ ਸਾਹਿਬ ਜੀ ਦੇ ਨਾਲ ਹੀ ਢਾਬ ਤੇ ਜਾ ਕੇ ਨਾਮ ਅਭਿਆਸ ਕਰਨਾ ਸ਼ੁਰੂ ਕਰ ਦਿਤਾ।

ਇਹ ਢਾਬ ਗੁਜਰਵਾਲ ਤੇ ਨਾਰੰਗਵਾਲ ਦੇ ਬੰਨੇ ਤੇ ਹੈ। ਕਿਸੇ ਜ਼ਮਾਨੇ ਵਿਚ ਇਸ ਢਾਬ ਤੇ ਹੱਦ ਬੰਦੀ ਦੀ ਖ਼ਾਤਰ ਗੁਜਰਵਾਲ ਤੇ ਨਾਰੰਗਵਾਲ ਦੋਹਾਂ ਦੀ ਲੜਾਈ ਹੁੰਦੀ ਰਹਿੰਦੀ ਸੀ। ਲੋਕਾਂ ਦਾ ਖਿਆਲ ਸੀ ਕਿ ਏਥੇ ਰਾਤ ਨੂੰ ਹਾੜ ਬੋਲਦਾ ਹੈ ਲੋਕ ਡਰਦੇ ਮਾਰੇ ਰਾਤ ਨੂੰ ਇਸ ਰਸਤੇ ਘਟ ਹੀ ਆਉਂਦੇ ਸਨ।

## ਇਕ ਨਾਮ-ਅਭਿਆਸੀ ਗੁਪਤ ਸਿੰਘ ਦੀ ਵਾਰਤਾ

ਇਕ ਦਫ਼ਾ ਰਾਤ ਦੇ ਬਾਰਾਂ ਵਜੇ ਭਾਈ ਸਾਹਿਬ ਰਣਧੀਰ ਸਿੰਘ ਜੀ ਤੇ ਕੁਝ ਸਿੰਘ ਕੋਠੇ ਤੇ ਬੈਠੇ ਨਾਮ ਅਭਿਆਸ ਕਰ ਰਹੇ ਸਨ। ਇਨ੍ਹਾਂ ਨੂੰ


www.AKJ.Org

ਬੈਠਿਆਂ ਥੋੜਾ ਚਿਰ ਹੀ ਹੋਇਆ ਸੀ ਕਿ ਇਸ ਢਾਬ ਵਲੋਂ ਕਿਸੇ ਪੁਰਸ਼ ਦੀ ਨਾਮ ਜਪਣ ਦੀ ਅਵਾਜ਼ ਆਉਣ ਲਗ ਪਈ । ਭਾਈ ਸਾਹਿਬ ਜੀ ਤੇ ਸਾਥੀ ਸਿੰਘ ਉਠ ਕੇ ਢਾਬ ਵਲ ਤੁਰ ਪਏ । ਉਸ ਅਵਾਜ਼ ਦੀ ਸੇਧ ਨੂੰ ਤੁਰੀ ਗਏ। ਜਦੋਂ ਢਾਬ ਦੇ ਨੇੜੇ ਪਹੁੰਚੇ ਤਾਂ ਐਸਾ ਪਰਤੀਤ ਹੋਇਆ ਕਿ ਕੋਈ ਸਿੰਘ ਢਾਬ ਤੇ ਬੈਠਾ ਹੋਇਆ ਨਾਮ-ਅਭਿਆਸ ਕਰ ਰਿਹਾ ਸੀ । ਭਾਈ ਸਾਹਿਬ ਜੀ ਨੇ ਸਾਥੀ ਸਿੰਘਾਂ ਨੂੰ ਕਿਹਾ ਕਿ ਅਸੀਂ ਇਨ੍ਹਾਂ ਨੂੰ ਹੁਣ ਨਾ ਬੁਲਾਈਏ। ਜਦੋਂ ਉਜਾਲਾ ਹੋ ਜਾਵੇਗਾ ਤਾਂ ਫਿਰ ਇਸ ਸਿੰਘ ਜੀ ਦੇ ਦਰਸ਼ਨ ਕਰਾਂਗੇ । ਜਦੋਂ ਬੈਠਿਆਂ ਘੰਟੇ ਦੇ ਕਰੀਬ ਹੋਇਆ ਤਾਂ ਕਿਸੇ ਸਿੰਘ ਦੇ ਕੜ੍ਹੇ ਖੜਕ ਗਏ। ਇਹ ਅਭਿਆਸੀ ਸਿੰਘ ਉਠ ਦੌੜਿਆ ਤੇ ਰਜਵਾਹੇ ਵਿਚ ਜਾ ਬੈਠਾ। ਭਾਈ ਸਾਹਿਬ ਜੀ ਤੇ ਸਾਥੀ ਸਿੰਘ ਪਿਛੇ ਪਿਛੇ ਗਏ ਤੇ ਫਿਰ ਉਹੋ ਅਵਾਜ਼ ਨਾਮ ਜਪਣ ਦੀ ਆਉਣ ਲਗ ਪਈ। ਸਾਰੇ ਸਜਣ ਕੁਛ ਦੂਰ ਹੀ ਬੈਠ ਗਏ, ਏਸ ਨਾਮ-ਅਭਿਆਸੀ ਸਿੰਘ ਦੀ ਇਤਨੀ ਕਮਾਈ ਵਧ ਗਈ ਸੀ ਕਿ ਇਸ ਦੇ ਸਾਰੇ ਸਰੀਰ ਵਿਚੋਂ ਨਾਮ ਦੀਆਂ ਧੁਨੀਆਂ ਸੁਣਾਈ ਦੇਣ ਲਗ ਪਈਆਂ। ਇੰਨੇ ਨੂੰ ਸਾਡੇ ਵਿਚੋਂ ਕਿਸੇ ਸਿੰਘ ਦੇ ਕੜ੍ਹੇ ਖੜਕ ਗਏ ਤੇ ਉਹ ਨਾਮ-ਅਭਿਆਸੀ ਸਿੰਘ ਕੜ੍ਹੇ ਖੜਕਣ ਦੀ ਅਵਾਜ਼ ਸੁਣਦੇ ਸਾਰ ਹੀ ਉਠ ਕੇ ਦੌੜ ਪਿਆ । ਮੁੜਕੇ ਫੇਰ ਕਦੀ ਵੀ ਉਸ ਦੇ ਦਰਸ਼ਨ ਨ ਹੋਏ। ਇਹ ਬਿਰਤਾਂਤ ਭਾਈ ਸਾਹਿਬ ਜੀ ਨੇ ਮੈਨੂੰ ਸੁਣਾਇਆ ਸੀ, ਮੈਂ ਖ਼ੁਦ ਨਾਲ ਨਹੀਂ ਸੀ।


ਮਾਸਕ ਰੈਣ ਸਬਾਈ ਕੀਰਤਨ ਸਮਾਗਮ

## ਗੁਰਦਵਾਰਾ ਸਾਹਿਬ ਮੁਸ਼ਕੀਆਣਾ ਜ਼ਿਲਾ ਲੁਧਿਆਣਾ

ਸਮੂੰਹ ਸੰਗਤਾਂ ਦੇ ਚਰਨਾਂ ਵਿਖੇ ਬਿਨੈ ਹੈ ਕਿ ਮਹੀਨਾ ਅਪਰੈਲ ਦਾ ਰੈਣ ਸਬਾਈ ਕੀਰਤਨ ਸਮਾਗਮ ੨੩-੪-੬੬ ਅਤੇ ੨੪-੪-੬੬ ਦੀ ਵਿਚਕਾਰਲੀ ਰਾਤ ਨੂੰ ਗੁ: ਸਾ: ਮੁਸ਼ਕੀਆਣਾ ਜ਼ਿਲਾ ਲੁਧਿਆਣਾ ਵਿਖੇ ਹੋਣਾ ਨੀਯਤ ਹੋਇਆ ਹੈ। ਇਸ ਮਾਸਕ ਸਮਾਗਮ ਵਿਚ ਭਾ. ਸਾ; ਭਾ: ਰਣਧੀਰ ਸਿੰਘ ਜੀ ਦੇ ਨਿਕਟ ਵਰਤੀ ਅਖੰਡ ਕੀਰਤਨੀ ਜਥੇ ਹਰਿ ਜਸ ਕੀਰਤਨ ਦੀਆਂ ਘੁਮਰਾਂ ਪਾਉਣਗੇ। ਆਪ ਜੀ ਸੰਗੀ ਸਾਥੀਆਂ ਸਮੇਤ ਦਰਸ਼ਨ ਬਖਸ਼ ਕੇ ਪਵਿਤ੍ਰ ਲਾਹੇ ਭੁੰਚੋ ।

ਨੋਟ—ਗੁ: ਸਾਹਿਬ ਮੁਸ਼ਕੀਆਣਾ ਲੁਧਿਆਣੇ ਤੋਂ ਫ਼ੀਰੋਜ਼ਪੁਰ ਨੂੰ ਜਾਣ ਵਾਲੀ ਸੜਕ ਤੇ ਅੱਡਾ ਮੂਲਾਪੁਰ ਤੋਂ ਸਿਰਫ ਅਧ ਮੀਲ ਦੀ ਵਿੱਥ ਤੇ ਹੈ ।

ਪੁਛਗਿਛ ਲਈ—ਭਾਈ ਉਜਾਗਰ ਸਿੰਘ ਪਿੰਡ ਫਰਵਾਲੀ; ਡਾ: ਖਾ: ਲੋਹਟਵਦੀ (ਜ਼ਿਲਾ ਸੰਗਰੂਰ)





www.AKJ.Org

ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ

ਸਮੂੰਹ ਕੀਰਤਨੀ ਜੱਥਿਆਂ ਵਲੋਂ

# ਸਾਲਾਨਾ ਵੈਸਾਖੀ-ਸਮਾਗਮ ਦਾ ਪ੍ਰੋਗਰਾਮ

(ਸ੍ਰੀ ਅੰਮ੍ਰਿਤਸਰ ਜੀ)

## ਐਤਵਾਰ, ੧੦ ਅਪਰੈਲ ੧੯੬੬

ਕੀਰਤਨ ਰੈਨ-ਸਬਾਈ ਰਾਤ ੮।। ਤੋਂ ਸਵੇਰੇ ੪।। ਤੱਕ

ਸ੍ਰੀ ਤਰਨ ਤਾਰਨ ਸਾਹਿਬ ਮਾਨਯਵਰ ਬਾਊ ਮਲ ਸਿੰਘ ਜੀ ਦੇ ਗ੍ਰਿਹਿ ਵਿਖੇ

## ਸੋਮਵਾਰ, ੧੧ ਅਪਰੈਲ

੫ ਤੋਂ ੯ ਸਵੇਰੇ ਕੀਰਤਨ ਆਸਾ ਦੀ ਵਾਰ (ਸਮਾਗਮ-ਅਸਥਾਨ ਵਿਖੇ)

ਉਪਰੰਤ ਸ੍ਰੀ ਅਖੰਡ ਪਾਠ ਪ੍ਰਾਰੰਭ ;

੭।। ਤੋਂ ੧੦ ਸ਼ਾਮ ਅਖੰਡ ਕੀਰਤਨ ਗੁ: ਪਿਪਲੀ ਸਾਹਿਬ (ਪੁਤਲੀਘਰ) ਵਿਖੇ

## ਮੰਗਲਵਾਰ, ੧੨ ਅਪਰੈਲ

੬।।। ਤੋਂ ੧੦। ਸਵੇਰੇ ਹਜ਼ੂਰੀ ਕੀਰਤਨ ਸ੍ਰੀ ਹਰਿਮੰਦਰ ਸਾਹਿਬ ਵਿਖੇ

੭।। ਤੋਂ ੯।। ਸ਼ਾਮ ਅਖੰਡ ਕੀਰਤਨ ਮੰਜੀ ਸਾਹਿਬ ਗੁਰੂ ਕੇ ਬਾਗ ਵਿਖੇ

## ਬੁਧਵਾਰ, ੧੩ ਅਪਰੈਲ

੩।। ਤੋਂ ੫ ਸਵੇਰੇ ਭੋਗ ਸ੍ਰੀ ਅਖੰਡ ਪਾਠ (ਸਮਾਗਮ-ਅਸਥਾਨ ਵਿਖੇ)

੫ ਤੋਂ ੧੨।। ਸਵੇਰੇ ਕੀਰਤਨ ਆਸਾ ਦੀ ਵਾਰ ,, ,,

੩ ਤੋਂ ੭।। ਸ਼ਾਮ ਅਖੰਡ ਕੀਰਤਨ ,, ,,

ਬੁਧਵਾਰ ਨੂੰ ੯ ਵਜੇ ਸਵੇਰੇ ਅੰਮ੍ਰਿਤ-ਸੰਚਾਰ ਸਮਾਗਮ ਅਰੰਭ ਹੋ ਜਾਵੇਗਾ।

ਸੰਗਤਾਂ ਦੀ ਇੱਛਾ ਅਨੁਸਾਰ ੧੩-੧੪ ਦੀ ਰਾਤ ਨੂੰ ਰੈਨ-ਸਬਾਈ ਕੀਰਤਨ ਹੋਣ ਦੀ ਆਸ ਹੈ, ਜਿਸ ਬਾਰੇ ਸਮੇਂ ਸਿਰ ਸੂਚਿਤ ਕਰਾਇਆ ਜਾਵੇਗਾ।

ਸਮਾਗਮ ਅਸਥਾਨ—ਹਾਲ ਸ: ਸੁੰਦਰ ਸਿੰਘ ਚਾਹ ਵਾਲਿਆਂ ਦੇ,
ਘਿਓ ਮੰਡੀ ਗੇਟ ਦੇ ਅੰਦਰ, ਚੌਕ ਬਜ਼ਾਰ ਪੇਟੀਆਂ, ਸ੍ਰੀ ਅੰਮ੍ਰਿਤਸਰ



www.AKJ.Org

ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸਾਲਾਨਾ ਯਾਦ ਦਾ

# ਲੁਧਿਆਣੇ ਵਿਖੇ ਪ੍ਰੋਗਰਾਮ

੧੪-੪-੬੬

ਕੀਰਤਨ ਆਸਾ ਦੀ ਵਾਰ ੫ ਤੋਂ ੯
ਉਪਰੰਤ ਅਰੰਭ ਸ੍ਰੀ ਅਖੰਡਪਾਠ
ਸ਼ਾਮ-ਕੀਰਤਨ ਤੇ ਸੋਦਰ ੭ ਤੋਂ ੯

੧੫-੪-੬੬

ਕੀਰਤਨ ਆਸਾ ਦੀ ਵਾਰ ਭਾ: ਸਾਹਿਬ ਜੀ ਦੇ ਗ੍ਰਿਹ ੭੯ ਮਾਡਲ ਟਾਊਨ ਵਿਖੇ ੫ ਤੋਂ ੧੨
ਸ਼ਾਮ-ਕੀਰਤਨ ਤੇ ਸੋਦਰ ੭ ਤੋਂ ੯

੧੬-੪-੬੬

ਭੋਗ ਸ੍ਰੀ ਅਖੰਡ ਪਾਠ ਸਵੇਰੇ ੫-੦੭
ਉਪਰੰਤ ਕੀਰਤਨ
ਆਸਾ ਦੀ ਵਾਰ ੧੨ ਬਜੇ ਤਕ
ਰੈਣ ਸਬਾਈ ਕੀਰਤਨ ਅਰੰਭ ੮-੦੦

੧੭-੪-੬੬

ਭੋਗ ਰੈਣ ਸਬਾਈ ਸਵੇਰੇ ੮-੦੦

ਸਮਾਗਮ ਅਸਥਾਨ :- ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ,
ਮਾਡਲ ਟਾਊਨ ਲੁਧਿਆਣਾ

ਪ੍ਰਾਰਥਕ :-ਅਖੰਡ ਕੀਰਤਨੀ ਜਥਾ ਲੁਧਿਆਣਾ

------

ਅਖੰਡ ਕੀਰਤਨੀ ਜਥਾ ਪਟਿਆਲਾ ਦਾ

# ਮਹੀਨਾ ਅਪਰੈਲ ਦਾ ਪ੍ਰੋਗਰਾਮ

੨੨-੪-੬੬ ਭਾਈ ਜਸਵੰਤ ਸਿੰਘ ਬਗਾ, ਮਕਾਨ ਨੰ: ੬੦੭੦, ਮਹੱ[illegible] ਕਲਿਗਾਂ ਵਾਲਾ ਪਟਿਆਲਾ
ਕੀਰਤਨ ਆਸਾ ਜੀ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ

੨੪-੪-੬੬ ਭੋਗ ਸ੍ਰੀ ਅਖੰਡ ਪਾਠ ਅਤੇ ਅਖੰਡ ਕੀਰਤਨ ਚਲ ਸੋ ਚਲ

੩੦-੪-੬੬ ਕੀਰਤਨ ਰੈਣ ਸਬਾਈ ਗੁ: ਨਵੀਨ ਸਿੰਘ ਸਭਾ ਰਾਜਪੁਰਾ ਜ਼ਿਲਾ ਪਟਿਆਲਾ।

ਨੋਟ:-ਹਰ ਸਮਾਗਮ ਤੇ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ ਭੀ ਮਿਲ ਸਕਦੀਆਂ ਹਨ।

ਅਖੰਡ ਕੀਰਤਨੀ ਜੱਥਾ ਪਟਿਆਲਾ

* * * *




www.AKJ.Org

www.AKJ.org
www.AKJ.Org

ਗੁਰਪੁਰਵਾਸੀ

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ



ਜਿਨ੍ਹਾਂ ਦੀ ਸਾਲਾਨਾ ਬਰਸੀ ਮਿਤੀ ੧੯-੪-੬੬
ਨੂੰ ਲੁਧਿਆਣੇ ਵਿਖੇ ਮਨਾਈ ਜਾ ਰਹੀ ਹੈ !

ਗੁਰੂ ਕਿਰਪਾ ਦੁਆਰਾ ਸਮੇਂ ਸਮੇਂ ਮਨੁੱਖੀ ਜਾਮੇ ਵਿਚ ਗੁਰਮੁਖ ਰੂਹਾਂ ਪਰਗਟ ਹੁੰਦੀਆਂ ਰਹੀਆਂ ਹਨ, ਜਿਨ੍ਹਾਂ ਨੇ ਸਫਲ ਜੀਵਨ ਜੀਊ ਕੇ ਗੁਰਸਿਖੀ ਦੇ ਪੂਰਨੇ ਪਾਏ ਅਤੇ ਮਾਇਆ-ਗ੍ਰਸੀ ਲੁਕਾਈ ਲਈ ਚਾਨਣ-ਮੁਨਾਰਾ ਬਣੇ। ਉਨ੍ਹਾਂ ਬਖ਼ਸ਼ੀਆਂ ਰੂਹਾਂ ਵਿਚੋਂ ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਇਕ ਅਲੌਕਿਕ ਜੀਵਨ ਵਾਲੇ ਹੋਏ ਹਨ। ਉਨ੍ਹਾਂ ਨੇ ਸਾਰੀ ਆਯੂ ਹੀ ਨਾਮ-ਰੰਗਾਂ ਅਤੇ ਕੀਰਤਨ-ਤਰੰਗਾਂ ਵਿਚ ਬਿਤਾਈ, ਬਿਖਮ ਭਾਣਿਆਂ ਅਤੇ ਕਾਲ-ਕੋਠੜੀਆਂ ਵਿਚ ਵੀ ਖੇੜਿਆਂ ਵਿਚ ਅਡੋਲ ਰਹੇ ਅਤੇ ਤਤ-ਗੁਰਮਤਿ ਨਿਭਾ ਕੇ ਗੁਰਸਿਖੀ ਦੇ ਉੱਚੇ ਸੁੱਚੇ ਪੂਰਨੇ ਪਾਏ।

www.AKJ.Org